# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS


Date 12.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augest- 2024 | Published in Punjab | Pages 8


## ਮਾਲ ਪਾਰਕਿੰਗ 'ਚ ਮਾਸੂਮ ਨੂੰ ਕਾਰ ਸਵਾਰ ਨੇ ਕੁਚਲਿਆ



ਆਗਰਾ ਦੀ ਮਾਲ ਪਾਰਕਿੰਗ 'ਚ ਇਕ ਡੇਢ ਸਾਲਾ ਮਾਸੂਮ ਨੂੰ ਕਾਰ ਸਵਾਰ ਨੇ ਕੁਚਲ ਦਿੱਤਾ। ਹਾਦਸੇ ਤੋਂ ਬਾਅਦ ਦੋਸ਼ੀ ਕਾਰ ਸਵਾਰ ਮੌਕੇ 'ਤੇ ਫਰਾਰ ਹੋ ਗਿਆ, ਜਦੋਂ ਕਿ ਜ਼ਖ਼ਮੀ ਬੱਚੀ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਦਰਦਨਾਕ ਹਾਦਸੇ ਦਾ ਇਕ ਸੀ.ਸੀ.ਟੀ.ਵੀ. ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ 'ਚ ਦੇਖ ਸਕਦੇ ਹੋ ਕਿ ਮਾਤਾ-ਪਿਤਾ ਖਰੀਦੇ ਹੋਏ ਸਾਮਾਨ ਨੂੰ ਚੈੱਕ ਕਰ ਰਹੇ ਹੁੰਦੇ ਹਨ ਕਿ ਇਸ ਦੌਰਾਨ ਇਕ ਡੇਢ ਸਾਲ ਦੀ ਮਾਸੂਮ ਬੱਚੀ ਖੇਡਦੀ-ਖੇਡਦੀ ਅਚਾਨਕ ਰੈਂਪ ਤੱਕ ਪਹੁੰਚ ਜਾਂਦੀ ਹੈ, ਉਦੋਂ ਮਾਲ ਦੀ ਪਾਰਕਿੰਗ ਤੋਂ ਨਿਕਲ ਰਹੀ ਕਾਰ ਬੱਚੀ ਦੇ ਉੱਪਰ ਚੜ੍ਹ ਜਾਂਦੀ ਹੈ ਅਤੇ ਇਸ ਤੋਂ ਬਾਅਦ ਮਾਤਾ-ਪਿਤਾ ਨੂੰ ਇਸ ਹਾਦਸੇ ਦਾ ਪਤਾ ਲੱਗਦਾ ਹੈ। ਜ਼ਖ਼ਮੀ ਬੱਚੀ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਜਾਂਦਾ ਹੈ ਪਰ ਇਲਾਜ ਦੌਰਾਨ ਬੱਚੀ ਦੀ ਮੌਤ ਹੋ ਗਈ। ਮਾਮਲਾ ਥਾਣਾ ਹਰੀਪਰਬਤ ਖੇਤਰ ਦੇ ਸੰਜੇ ਪਲੇਸ ਸਥਿਤ ਕਾਸਮਾਸ ਮਾਲ ਦੀ ਪਾਰਕਿੰਗ ਦਾ ਹੈ। ਘਟਨਾ 6 ਅਗਸਤ ਦੀ ਰਾਤ ਕਰੀਬ 10 ਵਜੇ ਦੀ ਹੈ। ਡੇਢ ਸਾਲ ਦੀ ਮਾਸੂਮ ਬੱਚੀ ਦੇ ਉੱਪਰ ਕਾਰ ਚੜ੍ਹਨ ਕਾਰਨ ਬੱਚੀ ਦੇ ਸਿਰ ਅਤੇ ਚਿਹਰੇ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਮਾਸੂਮ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਕਾਰ ਡਰਾਈਵਰ ਫਰਾਰ ਹੋ ਗਿਆ। ਮਾਮਲੇ 'ਚ ਥਾਣਾ ਹਰੀਪਰਬਤ ਇੰਚਾਰਜ ਇੰਸਪੈਕਟਰ ਆਲੋਕ ਕੁਮਾਰ ਨੇ ਦੱਸਿਆ ਕਿ ਸ਼ਨੀਵਾਰ ਨੂੰ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮਾਮਲੇ 'ਚ 304ਏ ਬੀ.ਐੱਨ.ਐੱਸ. 'ਚ ਮੁਕੱਦਮਾ ਦਰਜ ਕੀਤਾ ਗਿਆ।

## ਅਮਰਨਾਥ ਯਾਤਰਾ ਦੂਜੇ ਦਿਨ ਵੀ ਰਹੀ ਮੁਲਤਵੀ




ਜੰਮੂ-ਕਸ਼ਮੀਰ ਵਿਚ ਭਾਰੀ ਮੀਂਹ ਕਾਰਨ ਨੁਕਸਾਨੇ ਗਏ ਮਾਰਗ ਦੀ ਮੁਰੰਮਤ ਕਾਰਨ ਬਾਲਟਾਲ ਮਾਰਗ ਰਾਹੀਂ ਅਮਰਨਾਥ ਯਾਤਰਾ ਸੋਮਵਾਰ ਨੂੰ ਦੂਜੇ ਦਿਨ ਵੀ ਮੁਲਤਵੀ ਰਹੀ। ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਗੰਦੇਰਬਲ ਜ਼ਿਲ੍ਹੇ ਦੇ ਬਾਲਟਾਲ ਬੇਸ ਕੈਂਪ ਤੋਂ ਸ਼ਰਧਾਲੂਆਂ ਦੇ ਕਿਸੇ ਵੀ ਨਵੇਂ ਜਥੇ ਨੂੰ ਗੁਫਾ ਮੰਦਰ ਵੱਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਹਾਲ ਹੀ 'ਚ ਭਾਰੀ ਮੀਂਹ ਕਾਰਨ ਨੁਕਸਾਨੀ ਗਈ ਸੜਕ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ, ਤਾਂ ਜੋ ਅਮਰਨਾਥ ਯਾਤਰੀਆਂ ਲਈ ਇਸ ਨੂੰ ਸੁਵਿਧਾਜਨਕ ਬਣਾਇਆ ਜਾ ਸਕੇ। ਅਧਿਕਾਰੀਆਂ ਮੁਤਾਬਕ ਦੱਖਣੀ ਕਸ਼ਮੀਰ ਦੇ ਪਹਿਲਗਾਮ ਦੇ ਪਰੰਪਰਾਗਤ ਨੁਨਵਾਨ ਵਾਲੇ ਪਾਸੇ ਤੋਂ ਯਾਤਰਾ ਵੀ ਭਾਰੀ ਮੀਂਹ ਕਾਰਨ ਮਾਰਗ ਦੇ ਨੁਕਸਾਨੇ ਜਾਣ ਤੋਂ ਬਾਅਦ 6 ਅਗਸਤ ਨੂੰ ਮੁਅੱਤਲ ਕਰ ਦਿੱਤੀ ਗਈ ਸੀ। ਯਾਤਰਾ ਦੇ ਪਹਿਲਗਾਮ ਮਾਰਗ 'ਤੇ ਜ਼ਰੂਰੀ ਮੁਰੰਮਤ ਅਤੇ ਸਾਂਭ-ਸੰਭਾਲ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਸਾਲਾਨਾ 52 ਦਿਨਾਂ ਅਮਰਨਾਥ ਯਾਤਰਾ 29 ਜੂਨ ਨੂੰ ਗੰਦੇਰਬਲ ਜ਼ਿਲ੍ਹੇ ਦੇ ਬਾਲਟਾਲ ਅਤੇ ਦੱਖਣੀ ਕਸ਼ਮੀਰ ਦੇ ਨੁਨਵਾਨ ਪਹਿਲਗਾਮ ਮਾਰਗਾਂ ਤੋਂ ਸ਼ੁਰੂ ਹੋਈ ਸੀ ਅਤੇ 19 ਅਗਸਤ ਨੂੰ ਰੱਖੜੀ ਵਾਲੇ ਦਿਨ ਸਮਾਪਤ ਹੋਵੇਗੀ। ਹੁਣ ਤੱਕ 5 ਲੱਖ ਤੋਂ ਵੱਧ ਸ਼ਰਧਾਲੂ ਕਸ਼ਮੀਰ ਹਿਮਾਲਿਆ ਵਿਚ ਅਮਰਨਾਥ ਦੀ ਪਵਿੱਤਰ ਗੁਫਾ ਦੇ ਦਰਸ਼ਨ ਕਰ ਚੁੱਕੇ ਹਨ।

## ਕਵਿਤਾ ਦੀ ਜ਼ਮਾਨਤ ਪਟੀਸ਼ਨ 'ਤੇ ਅਦਾਲਤ ਨੇ CBI, ED ਤੋਂ ਮੰਗਿਆ ਜਵਾਬ



ਸੁਪਰੀਮ ਕੋਰਟ ਨੇ ਦਿੱਲੀ ਦੀ ਆਬਕਾਰੀ ਨੀਤੀ 'ਚ ਘਪਲੇ ਮਾਮਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ BRS ਆਗੂ ਕਵਿਤਾ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ CBI ਅਤੇ ED ਤੋਂ ਜਵਾਬ ਮੰਗਿਆ। ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਨੇ ਉਕਤ ਮਾਮਲਿਆਂ 'ਚ ਕਵਿਤਾ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਵਾਲੇ ਦਿੱਲੀ ਹਾਈ ਕੋਰਟ ਦੇ 1 ਜੁਲਾਈ ਦੇ ਫੈਸਲੇ ਵਿਰੁੱਧ BRS ਆਗੂ ਦੀਆਂ ਪਟੀਸ਼ਨਾਂ ਨੂੰ ਸੁਣਨ 'ਤੇ ਸਹਿਮਤੀ ਜਤਾਈ। ਕਵਿਤਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਬੈਂਚ ਨੂੰ ਦੱਸਿਆ ਕਿ ਉਹ ਕਰੀਬ 5 ਮਹੀਨਿਆਂ ਤੋਂ ਹਿਰਾਸਤ 'ਚ ਹੈ ਅਤੇ CBI ਤੇ ED ਨੇ ਚਾਰਜਸ਼ੀਟ ਅਤੇ ਮੁਕੱਦਮੇ ਦੀਆਂ ਸ਼ਿਕਾਇਤਾਂ ਦਾਇਰ ਕੀਤੀਆਂ ਹਨ। ਇਸਤਗਾਸਾ ਦੀ ਸ਼ਿਕਾਇਤ ਈਡੀ ਲਈ ਉਸ ਤਰ੍ਹਾਂ ਹੈ, ਜਿਸ ਤਰ੍ਹਾਂ ਚਾਰਜਸ਼ੀਟ ਹੁੰਦੀ ਹੈ। ਰੋਹਤਗੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਮਾਮਲਿਆਂ ਵਿਚ ਕਰੀਬ 500 ਗਵਾਹ ਸਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ (ਆਪ) ਨੇਤਾ ਮਨੀਸ਼ ਸਿਸੋਦੀਆ ਦੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਰੋਹਤਗੀ ਨੇ ਕਿਹਾ ਕਿ ਕਵਿਤਾ ਨੂੰ ਜ਼ਮਾਨਤ ਦਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਸਿਸੋਦੀਆ ਨੂੰ ਦਿੱਲੀ ਆਬਕਾਰੀ ਨੀਤੀ ਘਪਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੋਵਾਂ ਮਾਮਲਿਆਂ 'ਚ ਜ਼ਮਾਨਤ ਦਿੱਤੀ ਗਈ ਸੀ। ਰੋਹਤਗੀ ਨੇ ਕਿਹਾ ਕਿ ਕਵਿਤਾ ਦਾ ਮਾਮਲਾ ਸੁਪਰੀਮ ਕੋਰਟ ਦੇ ਇਨ੍ਹਾਂ ਹੁਕਮਾਂ ਦੇ ਦਾਇਰੇ 'ਚ ਆਉਂਦਾ ਹੈ। ਬੈਂਚ ਨੇ ਕਿਹਾ ਕਿ ਅਸੀਂ ਨੋਟਿਸ ਜਾਰੀ ਕਰਾਂਗੇ। ਰੋਹਤਗੀ ਨੇ ਕਿਹਾ ਕਿ ਕੀ ਮੈਂ ਅੰਤਰਿਮ ਜ਼ਮਾਨਤ ਲਈ ਪ੍ਰਾਰਥਨਾ ਕਰ ਸਕਦਾ ਹਾਂ?" ਬੈਂਚ ਨੇ ਕਿਹਾ ਕਿ ਉਨ੍ਹਾਂ (CBI ਅਤੇ ED) ਦਾ ਪੱਖ ਸੁਣੇ ਬਿਨਾਂ ਨਹੀਂ। ਇਸ ਤੋਂ ਬਾਅਦ ਬੈਂਚ ਨੇ ਅਗਲੀ ਸੁਣਵਾਈ ਲਈ 20 ਅਗਸਤ ਦੀ ਤਰੀਕ ਤੈਅ ਕੀਤੀ।

## ਸਾਬਕਾ ਵਿਦੇਸ਼ ਮੰਤਰੀ ਕੇ.ਨਟਵਰ ਸਿੰਘ ਦੇ ਦੇਹਾਂਤ 'ਤੇ ਪ੍ਰਗਟ ਕੀਤਾ ਦੁੱਖ



ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਸਾਬਕਾ ਵਿਦੇਸ਼ ਮੰਤਰੀ ਕੇ.ਨਟਵਰ ਸਿੰਘ ਦੇ ਦੇਹਾਂਤ 'ਤੇ ਸੋਮਵਾਰ ਨੂੰ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਰਾਸ਼ਟਰੀ ਮਾਮਲਿਆਂ 'ਚ ਮਹੱਤਵਪੂਰਨ ਯੋਗਦਾਨ ਪਾਇਆ। ਸਿੰਘ ਦੀ ਪਤਨੀ ਹੇਮਿੰਦਰ ਕੁਮਾਰੀ ਨੂੰ ਲਿਖੇ ਪੱਤਰ ਵਿੱਚ ਸੋਨੀਆ ਗਾਂਧੀ ਨੇ ਕਿਹਾ ਕਿ ਉਹਨਾਂ ਨੂੰ ਸਿੰਘ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁਖ ਹੋਇਆ ਹੈ। ਉਹਨਾਂ ਨੇ ਆਪਣੇ ਸ਼ੋਕ ਪੱਤਰ ਵਿੱਚ ਕਿਹਾ, “ਆਪਣੇ ਜੀਵਨ ਸਾਥੀ ਨੂੰ ਗੁਆਉਣਾ ਤੁਹਾਡੇ ਲਈ ਬਹੁਤ ਦੁਖਦਾਈ ਹੋਵੇਗਾ। ਆਪਣੇ ਜੀਵਨ ਵਿੱਚ ਉਹਨਾਂ ਨੇ ਵਿਭਿੰਨ ਖੇਤਰਾਂ ਵਿੱਚ ਯੋਗਦਾਨ ਪਾਇਆ ਅਤੇ ਆਪਣੇ ਪੇਸ਼ੇਵਰ ਕਰੀਅਰ ਵਿੱਚ ਰਾਸ਼ਟਰੀ ਮਾਮਲਿਆਂ ਨੂੰ ਰੂਪ ਦੇਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ।'' ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, "ਉਨ੍ਹਾਂ ਦੇ ਬਹੁਤ ਸਾਰੇ ਦੋਸਤ ਉਨ੍ਹਾਂ ਨੂੰ ਯਾਦ ਕਰਨਗੇ। ਮੈਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦੀ ਹਾਂ।''ਦੱਸ ਦੇਈਏ ਕਿ ਸ਼ਨੀਵਾਰ ਦੇਰ ਰਾਤ ਨਟਵਰ ਸਿੰਘ ਦੀ ਮੌਤ ਹੋ ਗਈ। ਉਹ 93 ਸਾਲ ਦੇ ਸਨ। ਉਹ 2004-05 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂਪੀਏ) ਸਰਕਾਰ ਵਿੱਚ ਵਿਦੇਸ਼ ਮੰਤਰੀ ਸਨ। ਉਹਨਾਂ ਨੇ ਪਾਕਿਸਤਾਨ ਵਿੱਚ ਭਾਰਤ ਦੇ ਰਾਜਦੂਤ ਵਜੋਂ ਵੀ ਕੰਮ ਕੀਤਾ ਅਤੇ 1966 ਤੋਂ 1971 ਤੱਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦਫ਼ਤਰ ਨਾਲ ਜੁੜੇ ਰਹੇ।

## 24 ਘੰਟੇ ਦੀ ਭੁੱਖ ਹੜਤਾਲ 'ਤੇ JNU ਅਧਿਆਪਕ ਯੂਨੀਅਨ




ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (ਜੇਐੱਨਯੂਟੀਏ) ਦੇ ਮੈਂਬਰਾਂ ਨੇ ਪ੍ਰਮੋਸ਼ਨ ਵਿੱਚ ਕਥਿਤ ਦੇਰੀ ਦੇ ਵਿਰੋਧ ਵਿੱਚ ਸੋਮਵਾਰ ਨੂੰ ਜੇਐੱਨਯੂ ਕੈਂਪਸ ਵਿੱਚ 24 ਘੰਟੇ ਦੀ ਭੁੱਖ ਹੜਤਾਲ ਸ਼ੁਰੂ ਕੀਤੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ਼ਾਂਤੀਸ਼੍ਰੀ ਡੀ ਪੰਡਿਤ ਨੇ ਭੁੱਖ ਹੜਤਾਲ ਅਤੇ ਤਰੱਕੀ 'ਚ ਦੇਰੀ ਦੇ ਦੋਸ਼ਾਂ 'ਤੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਜੇਐੱਨਯੂਟੀਏ ਨਾਲ ਜੁੜੇ ਵੱਖ-ਵੱਖ ਵਿਭਾਗਾਂ ਦੇ ਦਰਜਨ ਤੋਂ ਵੱਧ ਪ੍ਰੋਫੈਸਰ ‘ਸਕੂਲ ਆਫ਼ ਲੈਂਗੂਏਜ਼’ ਦੇ ਮੈਦਾਨ ਵਿੱਚ ਹੜਤਾਲ ’ਤੇ ਬੈਠ ਗਏ।ਧਰਨੇ ਵਾਲੀ ਥਾਂ 'ਤੇ ਪੋਸਟਰ ਲਗਾਏ ਗਏ, ਜਿਨ੍ਹਾਂ 'ਤੇ 'ਪ੍ਰਮੋਸ਼ਨ ਮੇਹਨਤ ਨਾਲ ਮਿਲਦੀ ਹੈ' ਅਤੇ 'ਪ੍ਰਮੋਸ਼ਨ ਦੀ ਉਡੀਕ' ਵਰਗੇ ਨਾਅਰੇ ਲਿਖੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀ 'ਕੈਰੀਅਰ ਪ੍ਰਮੋਸ਼ਨ ਸਕੀਮ' (ਸੀਏਐੱਸ) ਤਹਿਤ ਤਰੱਕੀਆਂ ਚੋਣਵੇਂ ਤੌਰ 'ਤੇ ਦਿੱਤੀਆਂ ਗਈਆਂ ਸਨ ਅਤੇ 2016 ਤੋਂ ਕਈ ਮਾਮਲਿਆਂ ਵਿੱਚ ਦੇਰੀ ਕੀਤੀ ਗਈ ਸੀ। ਜੇਐੱਨਯੂਟੀਏ ਦੀ ਪ੍ਰਧਾਨ ਮੌਸਮੀ ਬਾਸੂ ਨੇ ਦੱਸਿਆ ਕਿ ਫਿਲਹਾਲ 130 ਤੋਂ ਵੱਧ ਫੈਕਲਟੀ ਮੈਂਬਰਾਂ ਦੀਆਂ ਸੀਏਐਸ ਅਰਜ਼ੀਆਂ 'ਤੇ ਕਾਰਵਾਈ ਨਹੀਂ ਕੀਤੀ ਗਈ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਪੈਂਡਿੰਗ ਪਦਉਨਤੀਆਂ ਨੂੰ ਮਨਜ਼ੂਰੀ ਦੇਵੇ ਅਤੇ ਬਿਨਾਂ ਤਰੱਕੀ ਦੇ ਕੰਮ ਕੀਤੇ ਸਾਲਾਂ ਦਾ ਮੁਆਵਜ਼ਾ ਦਿੱਤਾ ਜਾਵੇ।

## ਕੇਜਰੀਵਾਲ ਨੇ ਆਪਣੀ ਗ੍ਰਿਫ਼ਤਾਰੀ ਨੂੰ ਸੁਪਰੀਮ ਕੋਰਟ 'ਚ ਦਿੱਤੀ ਚੁਣੌਤੀ



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਥਿਤ ਆਬਕਾਰੀ ਨੀਤੀ ਘਪਲੇ ਤੋਂ ਸਾਹਮਣੇ ਆਏ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵਲੋਂ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਣ ਵਾਲੇ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਦਿੱਲੀ ਹਾਈ ਕੋਰਟ ਨੇ 5 ਅਗਸਤ ਨੂੰ ਇਸ ਮਾਮਲੇ 'ਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਜਾਇਜ਼ ਠਹਿਰਾਉਂਦੇ ਹੋਏ ਬਰਕਰਾਰ ਰੱਖਿਆ ਸੀ। ਅਦਾਲਤ ਨੇ ਕਿਹਾ ਸੀ ਕਿ ਸੀ.ਬੀ.ਆਈ. ਦੀ ਕਾਰਵਾਈ ਬਦਨਾਮੀ ਤੋਂ ਪ੍ਰੇਰਿਤ ਨਹੀਂ ਹੈ ਅਤੇ ਉਸ ਨੇ ਇਹ ਸਾਬਿਤ ਕੀਤਾ ਹੈ ਕਿ 'ਆਪ' ਸੁਪਰੀਮੋ ਕਿਵੇਂ ਉਨ੍ਹਾਂ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੇ ਹੋ, ਜੋ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਬਾਅਦ ਤੋਂ ਹੀ ਗਵਾਹੀ ਦੇਣ ਦੀ ਹਿੰਮਤ ਜੁਟਾ ਸਕੇ। ਮਾਮਲੇ ਨਾਲ ਜੁੜੇ ਇਕ ਵਕੀਲ ਨੇ ਸੋਮਵਾਰ ਨੂੰ ਦੱਸਿਆ ਕਿ ਮੁੱਖ ਮੰਤਰੀ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੈ। ਹਾਈ ਕੋਰਟ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਬਰਕਰਾਰ ਰੱਖਦੇ ਹੋਏ ਉਨ੍ਹਾਂ ਨੂੰ ਨਿਯਮਿਤ ਜ਼ਮਾਨਤ ਲਈ ਪਹਿਲਾਂ ਹੇਠਲੀ ਅਦਾਲਤ ਦਾ ਰੁਖ ਕਰਨ ਲਈ ਕਿਹਾ ਸੀ।

ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਹੇਠਲੀ ਅਦਾਲਤ ਨੇ ਇਸ ਮਾਮਲੇ 'ਚ ਉਨ੍ਹਾਂ ਨੂੰ 20 ਜੂਨ ਨੂੰ ਜ਼ਮਾਨਤ ਦੇ ਦਿੱਤੀ ਸੀ। ਹਾਲਾਂਕਿ, ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਸੀ। ਇਸ ਤੋਂ ਬਾਅਦ 12 ਜੁਲਾਈ ਨੂੰ ਸੁਪਰੀਮ ਕੋਰਟ ਨੇ ਕੇਜਰੀਵਾਲ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਅੰਤਰਿਮ ਜ਼ਮਾਨਤ ਦੇ ਦਿੱਤੀ।

# ਵਕੀਲਾਂ ਨੇ ਪੰਜਾਬ ਪੁਲਸ ਖ਼ਿਲਾਫ਼ ਕੀਤੀ ਹੜਤਾਲ




ਬੀਤੇ ਦਿਨੀਂ ਖਮਾਣੋ ਵਿਖੇ ਵਕਾਲਤ ਕਰ ਰਹੇ ਖੰਨਾ ਦੇ ਰਹਿਣ ਵਾਲੇ ਲਖਬੀਰ ਸਿੰਘ ਸਾਗੀ ਅਤੇ ਉਨ੍ਹਾਂ ਦੀ ਪਤਨੀ ਦੇ ਉੱਪਰ ਘਰ ਵਿਚ ਦਾਖ਼ਲ ਹੋ ਕੇ ਹਮਲਾ ਕੀਤਾ ਗਿਆ ਸੀ। ਇਸ ਮਾਮਲੇ ਵਿਚ ਕਾਰਵਾਈ ਨਾ ਹੋਣ ਦਾ ਦੋਸ਼ ਲਗਾਉਂਦਿਆਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਦੀ ਪ੍ਰਧਾਨਗੀ ਹੇਠ ਫ਼ਤਿਹਗੜ੍ਹ ਸਾਹਿਬ ਦੀ ਅਦਾਲਤ ਦੇ ਬਾਹਰ ਬੈਠ ਕੇ ਹੜਤਾਲ ਕੀਤੀ। ਇਸ ਮੌਕੇ ਅਮਰਦੀਪ ਸਿੰਘ ਧਾਰਨੀ ਨੇ ਕਿਹਾ ਕਿ ਇਸ ਮਾਮਲੇ ਵਿਚ ਖੰਨਾ ਪੁਲਸ ਵੱਲੋਂ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਖੰਨਾ ਪੁਲਸ ਨੂੰ ਜਲਦ ਤੋਂ ਜਲਦ ਉਕਤ ਹਮਲਾਵਰਾਂ ਦੇ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਜੇਕਰ ਪੁਲਸ ਕਾਰਵਾਈ ਨਹੀਂ ਕਰਦੀ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# 15 ਅਗਸਤ ਨੂੰ ਲੈ ਕੇ ਪੁਲਸ ਨੇ ਚੌਕਸੀ ਹੋਰ ਵਧਾਈ



15 ਅਗਸਤ ਆਜ਼ਾਦੀ ਦਿਹਾੜੇ ਨੂੰ ਲੈ ਕੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ’ਚ ਐੱਸ. ਐੱਸ. ਪੀ. ਸੌਮਿਆ ਮਿਸ਼ਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਸ ਵੱਲੋਂ ਨਾਕਾਬੰਦੀ ਅਤੇ ਚੌਕਸੀ ਹੋਰ ਵਧਾ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ. ਹੈੱਡਕੁਆਰਟਰ ਫਿਰੋਜ਼ਪੁਰ ਜੁਗਰਾਜ ਸਿੰਘ ਨੇ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ’ਚ ਇਸ ਸਮੇਂ 18 ਪੁਲਸ ਨਾਕੇ ਚੱਲ ਰਹੇ ਹਨ, ਜਿਨ੍ਹਾਂ ਵਿਚੋਂ ਕਈ ਸ਼ਿਫਟਿੰਗ ਨਾਕੇ ਹਨ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਡਾਰਕ ਜ਼ੋਨ ਖੇਤਰਾਂ ’ਚ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਜਾਂਦੀ ਹੈ ਅਤੇ ਜ਼ਿਲ੍ਹੇ ਭਰ ’ਚ ਸਰਚ ਮੁਹਿੰਮ ਚਲਾਈ ਜਾ ਰਹੀ ਹੈ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਜਨਤਕ ਥਾਵਾਂ ’ਤੇ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ’ਚ 24 ਘੰਟੇ ਪੁਲਸ ਦੀ ਗਸ਼ਤ ਜਾਰੀ ਹੈ ਅਤੇ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ’ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਿਰ ਚੁੱਕਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਾਰੀਆਂ ਸਬ-ਡਵੀਜ਼ਨਾਂ ਦੇ ਜੀ. ਓਜ਼ ਆਪੋ-ਆਪਣੇ ਖੇਤਰਾਂ ’ਚ ਲਾਏ ਜਾ ਰਹੇ ਨਾਕਿਆਂ ਦੀ ਸੁਪਰਵਿਜ਼ਨ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਥਾਂ ’ਤੇ ਕੋਈ ਵੀ ਸ਼ੱਕੀ ਵਿਅਕਤੀ ਜਾਂ ਸ਼ੱਕੀ ਵਸਤੂ ਨਜ਼ਰ ਆਉਂਦੀ ਹੈ ਤਾਂ ਉਹ ਤੁਰੰਤ ਪੁਲਸ ਕੰਟਰੋਲ ਰੂਮ ਜਾਂ ਪੁਲਸ ਅਧਿਕਾਰੀਆਂ ਦੇ ਦਿੱਤੇ ਗਏ ਨੰਬਰਾਂ ’ਤੇ ਸੂਚਿਤ ਕਰਨ। ਐੱਸ. ਪੀ. ਜੁਗਰਾਜ ਸਿੰਘ ਨੇ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਲਈ ਜ਼ਿਲਾ ਫਿਰੋਜ਼ਪੁਰ ਪੁਲਸ ਵਚਨਬੱਧ ਹੈ ਅਤੇ ਪੁਲਸ ਵੱਲੋਂ ਸੁਰੱਖਿਆ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਡੀ. ਐੱਸ. ਪੀ. ਸਿਟੀ ਫਿਰੋਜ਼ਪੁਰ ਸੁਖਵਿੰਦਰ ਸਿੰਘ ਵੀ ਹਾਜ਼ਰ ਸਨ।

# ਲਾਡੋਵਾਲ ਟੋਲ ਨੂੰ ਲੈ ਕੇ ਕਿਸਾਨ ਆਗੂਆਂ ਦਾ ਐਲਾਨ




ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਲਾਡੋਵਾਲ 18 ਅਗਸਤ ਤੋਂ ਮੁਫ਼ਤ ਹੋਣ ਜਾ ਰਿਹਾ ਹੈ। ਕਿਸਾਨਾਂ ਨੇ NHAI ਨੂੰ ਅਲਟੀਮੇਟਮ ਦਿੱਤਾ ਹੈ ਕਿ ਉਹ ਵਾਹਨਾਂ ‘ਤੇ ਲੱਗਣ ਵਾਲੇ ਟੈਕਸ ਨੂੰ ਘੱਟ ਕਰਨ। ਜੇਕਰ NHAI ਨੇ ਰੇਟ ਘੱਟ ਨਹੀਂ ਕੀਤੇ ਤਾਂ ਇੱਕ ਵਾਰ ਫਿਰ ਤੋਂ ਕਿਸਾਨ ਲਾਡੋਵਾਲ ਟੋਲ ਪਲਾਜ਼ਾ ‘ਤੇ ਧਰਨਾ ਪ੍ਰਦਰਸ਼ਨ ਕਰ ਕੇ ਉਸਨੂੰ ਮੁਫ਼ਤ ਕਰਵਾਉਣਗੇ।ਦੱਸ ਦੇਈਏ ਕਿ ਇਸ ਤੋਂ ਪਹਿਲਾਂ 46 ਦਿਨਾਂ ਤੱਕ ਕਿਸਾਨਾਂ ਨੇ ਟੋਲ ਪਲਾਜ਼ਾ ‘ਤੇ ਪੱਕਾ ਮੋਰਚਾ ਲਗਾ ਕੇ ਟੋਲ ਫ੍ਰੀ ਕਰਵਾਇਆ ਸੀ। ਇਸ ਸਬੰਧੀ ਹਾਈਕੋਰਟ ਵਿੱਚ ਵੀ ਕੇਸ ਚੱਲਿਆ ਪਰ ਕਿਸਾਨ ਉੱਥੇ ਸਿੱਧਾ ਪਾਰਟੀ ਨਹੀਂ ਬਣ ਸਕਦੇ ਸਨ। ਇਸ ਮਾਮਲੇ ਵਿੱਚ ਹਾਈਕੋਰਟ ਵੱਲੋਂ NHAI ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ ਸੀ। ਜਿਸ ਤੋਂ ਬਾਅਦ ਅਦਾਲਤ ਨੇ ਪ੍ਰਸ਼ਾਸਨ ਨੂੰ ਟੋਲ ਪਲਾਜ਼ਾ ਮੁੜ ਤੋਂ ਸ਼ੁਰੂ ਕਰਵਾਉਣ ਦੇ ਆਦੇਸ਼ ਦਿੱਤੇ ਸਨ।ਇਸ ਸਬੰਧੀ ਪ੍ਰਧਾਨ ਦਿਲਬਾਗ ਸਿੰਘ ਨੇ ਕਿਹਾ ਕਿ 15 ਅਗਸਤ ਨੂੰ ਟ੍ਰੈਕਟਰ ਮਾਰਚ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸਾਨਾਂ ਨੂੰ ਵੀ ਟੋਲ ਪਲਾਜ਼ਾ ‘ਤੇ ਟਾਰਗੇਟ ਕੀਤਾ ਜਾ ਰਿਹਾ ਹੈ। ਜਿਸ ਗੱਡੀ ‘ਤੇ ਕਿਸਾਨੀ ਝੰਡਾ ਲੱਗਿਆ ਹੁੰਦਾ ਹੈ ਉਸਨੂੰ ਰੋਕਿਆ ਜਾ ਰਿਹਾ ਹੈ। ਬਾਕੀ ਪੂਰੇ ਭਾਰਤ ਵਿੱਚ ਕਿਸਾਨੀ ਝੰਡਾ ਲੱਗਿਆ ਦੇਖ ਕੇ ਟੋਲ ‘ਤੇ ਨਹੀਂ ਰੋਕਿਆ ਜਾਂਦਾ। ਇਸ ਤੋਂ ਅੱਗੇ ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਦੁਆਬਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਤੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ 18 ਅਗਸਤ ਨੂੰ ਲਾਡੋਵਾਲ ਟੋਲ ਪਲਾਜ਼ਾ ‘ਤੇ ਮੀਟਿੰਗ ਕਰ ਕੇ ਜਲਦ ਟੋਲ ਨੂੰ ਮੁਫ਼ਤ ਕਰਵਾਏਗੀ।

# ਰਾਹਤ ਨਾਲੋਂ ਵੱਧ ਆਫ਼ਤ ਲੈ ਕੇ ਆਇਆ ਮੀਂਹ



ਪੰਜਾਬ, ਹਰਿਆਣਾ ਤੇ ਹਿਮਾਚਲ ਸਣੇ ਦੇਸ਼ ਦੇ ਕਈ ਸੂਬਿਆਂ ’ਚ ਭਾਰੀ ਮੀਂਹ ਦਾ ਕਹਿਰ ਦੇਖਣ ਨੂੰ ਮਿਲਿਆ ਹੈ, ਜਿਸ ਨਾਲ ਸੜਕਾਂ, ਬੱਸ ਅੱਡਿਆਂ ਸਣੇ ਅਨੇਕਾਂ ਜਨਤਕ ਥਾਵਾਂ ’ਤੇ ਪਾਣੀ ਹੀ ਪਾਣੀ ਹੋ ਗਿਆ ਅਤੇ ਵਾਹਨ ਰਾਹ ਵਿਚਾਲੇ ਹੀ ਬੰਦ ਹੁੰਦੇ ਨਜ਼ਰ ਆਏ। ਇਸ ਬਾਰਿਸ਼ ਕਾਰਨ ਉੱਤਰ ਭਾਰਤ ਦੇ ਤਾਪਮਾਨ ’ਚ ਗਿਰਾਵਟ ਦੇਖਣ ਨੂੰ ਮਿਲੀ ਹੈ, ਜਿਸ ਕਾਰਨ ਗਰਮੀ ਤੋਂ ਕਾਫ਼ੀ ਹੱਦ ਤੱਕ ਰਾਹਤ ਮਿਲੀ ਹੈ। ਰਾਜਧਾਨੀ ਦਿੱਲੀ ’ਚ ਵੱਧ ਤੋਂ ਵੱਧ 32 ਡਿਗਰੀ ਅਤੇ ਘੱਟੋ-ਘੱਟ 26 ਡਿਗਰੀ ਤੱਕ ਪਹੁੰਚ ਗਿਆ ਹੈ। ਇਹ ਭਾਰੀ ਬਾਰਿਸ਼ ਰਾਹਤ ਨਾਲੋਂ ਜ਼ਿਆਦਾ ਮੁਸ਼ਕਿਲਾਂ ਲੈ ਕੇ ਆਈ, ਕਿਉਂਕਿ ਲੋਕਾਂ ਦਾ ਘਰੋਂ ਨਿਕਲਣਾ ਵੀ ਔਖਾ ਹੋ ਰਿਹਾ ਸੀ। ਘਰਾਂ ਤੱਕ ਪਾਣੀ ਆ ਗਿਆ ਸੀ ਤੇ ਗਲੀਆਂ-ਨਾਲੀਆਂ ਤੋਂ ਇਲਾਵਾ ਸੜਕਾਂ ਨੇ ਵੀ ਛੱਪੜਾਂ ਦਾ ਰੂਪ ਧਾਰ ਲਿਆ ਸੀ। ਕਈ ਸੂਬਿਆਂ ’ਚ ਮੀਂਹ ਦੇ ਕਹਿਰ ਨਾਲ ਆਮ ਜਨਤਾ ਨੂੰ ਭਾਰੀ ਪ੍ਰੇਸ਼ਾਨੀ ਝਲਣੀ ਪਈ। ਉਥੇ ਹੀ ਹਿਮਾਚਲ ਦੇ ਕਿਨੌਰ ’ਚ ਬੱਦਲ ਫੱਟਣ ਕਾਰਨ ਤਬਾਹੀ ਦਾ ਮੰਜਰ ਦੇਖਣ ਨੂੰ ਮਿਲਿਆ। ਮੋਹਲੇਧਾਰ ਮੀਂਹ ਵਿਚ ਮੌਸਮ ਵਿਭਾਗ ਵੱਲੋਂ ਕਈ ਸੂਬਿਆਂ ’ਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ।ਮੌਸਮ ਮਾਹਰਾਂ ਦਾ ਕਹਿਣਾ ਹੈ ਕਿ ਮਾਨਸੂਨ ਸੀਜ਼ਨ ਦੌਰਾਨ ਹੁਣ ਤੱਕ ਪੰਜਾਬ ’ਚ ਬਹੁਤਾ ਮੀਂਹ ਨਹੀਂ ਦੇਖਣ ਨੂੰ ਮਿਲਿਆ ਸੀ ਪਰ ਇਸ ਮੀਂਹ ਨਾਲ ਪਿਛਲੀ ਸਾਰੀ ਕਸਰ ਨਿਕਲ ਗਈ। ਲਗਾਤਾਰ ਕਈ ਘੰਟਿਆਂ ਤਕ ਪਏ ਮੀਂਹ ਕਾਰਨ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ’ਚ ਪਾਣੀ ਭਰਿਆ ਦੇਖਣ ਨੂੰ ਮਿਲਿਆ ਤੇ ਮੀਂਹ ਦਾ ਪਾਣੀ ਲੋਕਾਂ ਦੇ ਘਰਾਂ ਤਕ ਪਹੁੰਚ ਗਿਆ। ਪੰਜਾਬ ’ਚ ਘੱਟੋ ਘੱਟ ਤਾਪਮਾਨ 24 ਡਿਗਰੀ ਦੇ ਕਰੀਬ ਪਹੁੰਚ ਗਿਆ, ਜੋ ਕਿ ਰਾਹਤ ਲੈ ਕੇ ਆਇਆ।

# ਚੱਲਦੀ ਕਾਰ ‘ਚ ਡਰਾਈਵਰ ਨੂੰ ਪਿਆ ਦੌਰਾ



ਬਾਘਾਪੁਰਾਣਾ ਦੇ ਮੋਗਾ ਰੋਡ ਦੇ ਨੇੜੇ ਮਸਤਾਨ ਸਿੰਘ ਗੁਰਦੁਆਰਾ ਸਾਹਿਬ ਕੋਲੋਂ ਲੰਘ ਰਹੀਆਂ ਦੋ ਕਾਰਾਂ ਦੀ ਆਪਸ ਵਿਚ ਭਿਆਨਕ ਟੱਕਰ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਦਾ ਇਹ ਕਹਿਣਾ ਸੀ ਕਿ ਇਕ ਕਾਰ ਸਵਾਰ ਭਗਤਾਂ ਤੋਂ ਆਪਣੀ ਦਵਾਈ ਲੈ ਕੇ ਜਗਰਾਓਂ ਜਾ ਰਿਹਾ ਸੀ ਅਤੇ ਦੂਜੀ ਕਾਰ ਮੋਗਾ ਸਾਈਡ ਤੋਂ ਬਾਘਾਪੁਰਾਣਾ ਵੱਲ ਆ ਰਹੀ ਸੀ। ਇਹ ਹਾਦਸਾ ਕਾਰ ਡਰਾਈਵਰ ਨੂੰ ਦੌਰਾ ਪੈਣ ਕਰਕੇ ਵਾਪਰਿਆ ਹੈ। ਚੱਲਦੀ ਕਾਰ ਵਿਚ ਦੌਰਾ ਪੈਣ ਕਾਰਣ ਕਾਰ ਬੇਕਾਬੂ ਹੋ ਗਈ ਅਤੇ ਮੋਗਾ ਸਾਈਡ ਤੋਂ ਆ ਰਹੀ ਸਵਿਫਟ ਡਿਜ਼ਾਇਰ ਕਾਰ ਵਿਚ ਜਾ ਵੱਜੀ ਅਤੇ ਉਸ ਤੋਂ ਕਾਰ ਇਕ ਦੁਕਾਨ ਨਾਲ ਟਕਰਾਅ ਗਈ।ਇਸ ਭਿਆਨਕ ਹਾਦਸੇ ਦੌਰਾਨ ਚੰਗੀ ਗੱਲ ਇਹ ਰਹੀ ਕਿ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਹ ਵੀ ਪਤਾ ਲੱਗਾ ਹੈ ਕਿ ਸਵਿਫਟ ਡਿਜ਼ਾਇਰ ਕਾਰ ਵਾਲਾ ਆਪਣੇ ਬੱਚਿਆਂ ਨੂੰ ਸਕੂਲ ਛੱਡਣ ਲਈ ਜਾ ਰਿਹਾ ਸੀ। ਹਾਦਸੇ ਤੋਂ ਬਾਅਦ ਦੋਵਾਂ ਗੱਡੀਆਂ ਦੇ ਪਰਖੱਚੇ ਉਡ ਗਏ।

# ਖੋਲ੍ਹਿਆ ਜਾਵੇ ਸ਼ੰਭੂ ਬਾਰਡਰ ਸੁਪਰੀਮ ਕੋਰਟ ਦੀ ਸਖ਼ਤ ਟਿੱਪਣੀ




ਕਿਸਾਨ ਅੰਦੋਲਨ ਕਾਰਨ ਬੰਦ ਕੀਤੇ ਗਏ ਸ਼ੰਭੂ ਬਾਰਡਰ ਨੂੰ ਖੋਲ੍ਹਣ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾ ਨੂੰ ਹਰਿਆਣਾ ਸਰਕਾਰ ਨੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਇਸ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਅੱਜ ਯਾਨੀ ਕਿ ਸੋਮਵਾਰ ਨੂੰ ਸੁਣਵਾਈ ਹੋਈ। ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਹਾਈਵੇਅ ਪਾਰਕਿੰਗ ਏਰੀਆ ਨਹੀਂ ਹੈ, ਸ਼ੰਭੂ ਬਾਰਡਰ ਖੋਲ੍ਹਿਆ ਜਾਵੇ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਸ਼ੰਭੂ ਬਾਰਡਰ 'ਤੇ ਸੜਕ ਤੋਂ ਟਰੈਕਟਰ ਹਟਾਉਣ ਲਈ ਸਮਝਾਵੇ। ਕੋਰਟ ਮੁਤਾਬਕ ਐਂਬੂਲੈਂਸਾਂ, ਬਜ਼ੁਰਗਾਂ, ਔਰਤਾਂ, ਵਿਦਿਆਰਥੀਆਂ ਆਦਿ ਲਈ ਹਾਈਵੇਅ ਖੋਲ੍ਹੇ ਦੇ ਹੁਕਮ ਦਿੱਤੇ ਹਨ। ਕੋਰਟ ਨੇ ਦੋਵੇਂ ਸਾਈਡ ਇਕ-ਇਕ ਲੇਨ ਖੋਲ੍ਹਣ ਨੂੰ ਕਿਹਾ ਹੈ।

# ਫ਼ਿਲਮ 'ਬੀਬੀ ਰਜਨੀ' ਦਾ ਸ਼ਾਨਦਾਰ ਟਰੇਲਰ ਰਿਲੀਜ਼



ਪੰਜਾਬੀ ਸਿਨੇਮਾ ਦੇ ਚਰਚਿਤ ਨਿਰਦੇਸ਼ਕ ਅਮਰ ਹੁੰਦਲ ਅਪਣੇ ਐਕਸ਼ਨ ਜੋਨਰ ਤੋਂ ਬਿਲਕੁੱਲ ਅਲਹਦਾ ਹੱਟਵੀਂ ਪੰਜਾਬੀ ਫ਼ਿਲਮ 'ਬੀਬੀ ਰਜਨੀ' ਦਰਸ਼ਕਾਂ ਦੇ ਸਨਮੁੱਖ ਕਰਨ ਜਾ ਰਹੇ ਹਨ, ਜਿਸ ਦਾ ਸ਼ਾਨਦਾਰ ਟ੍ਰੇਲਰ ਰਿਲੀਜ਼ ਕਰ ਦਿੱਤਾ ਗਿਆ ਹੈ। 'ਮੇਡ ਫੋਰ ਫਿਲਮ' ਦੇ ਬੈਨਰ ਹੇਠ ਬਣਾਈ ਗਈ ਇਸ ਧਾਰਮਿਕ ਫ਼ਿਲਮ ਦੇ ਨਿਰਮਾਤਾ ਪਿੰਕੀ ਧਾਲੀਵਾਲ ਅਤੇ ਨਿਤਿਨ ਤਲਵਾੜ ਹਨ, ਜਦਕਿ ਨਿਰਦੇਸ਼ਨ ਕਮਾਂਡ ਅਮਰ ਹੁੰਦਲ ਵੱਲੋਂ ਸੰਭਾਲੀ ਗਈ ਹੈ, ਜੋ ਇਸ ਤੋਂ ਪਹਿਲਾਂ 'ਵਾਰਨਿੰਗ', 'ਵਾਰਨਿੰਗ 2' ਅਤੇ 'ਬੱਬਰ' ਜਿਹੀਆਂ ਕਾਮਯਾਬ ਅਤੇ ਬਹੁ-ਚਰਚਿਤ ਐਕਸ਼ਨ ਫ਼ਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ।ਸਿੱਖ ਪ੍ਰੰਪਰਾਵਾਂ ਦੀ ਤਰਜ਼ਮਾਨੀ ਕਰਦੀ ਅਤੇ ਧਰਮ ਪ੍ਰਤੀ ਸੱਚੀ ਆਸਥਾ ਦਾ ਪ੍ਰਗਟਾਵਾ ਕਰਦੀ ਇਹ ਧਾਰਮਿਕ ਫ਼ਿਲਮ ਸ੍ਰੀ ਗੁਰੂ ਰਾਮਦਾਸ ਜੀ ਦੇ ਯੁੱਗ 'ਚ ਹੰਕਾਰੀ ਰਾਜੇ ਵਜੋਂ ਜਾਂਣੇ ਜਾਂਦੇ ਰਹੇ ਰਾਜਾ ਰਾਏ ਦੁਨੀ ਚੰਦ ਦੀ ਸਭ ਤੋਂ ਛੋਟੀ 7ਵੀਂ ਧੀ ਰਜਨੀ ਜੋ ਬਾਅਦ 'ਚ ਬੀਬੀ ਰਜਨੀ ਵਜੋਂ ਸਤਿਕਾਰੇ ਗਏ, ਉਨ੍ਹਾਂ ਦੇ ਜੀਵਨ 'ਤੇ ਆਧਾਰਿਤ ਹੈ, ਜਿਸ ਦੀ ਬਦਕਿਸਮਤੀ ਉਦੋਂ ਸ਼ੁਰੂ ਹੋਈ, ਜਦੋਂ ਉਸ ਦੀ ਅਪਣੇ ਪਿਤਾ ਪ੍ਰਤੀ ਕੀਤੀ ਟਿੱਪਣੀ ਤੋਂ ਨਾਰਾਜ਼ ਹੋਏ ਉਸ ਦੇ ਜ਼ਾਲਿਮ ਬਾਪ ਨੇ ਉਸ ਦਾ ਵਿਆਹ ਇੱਕ ਅਪਾਹਜ਼ ਨਾਲ ਕਰਵਾ ਦਿੱਤਾ ਪਰ ਵਾਹਿਗੁਰੂ ਅਤੇ ਵਿਸ਼ਵਾਸ਼ ਕਰਨ ਵਾਲੀ ਇਹ ਦਲੇਰ ਲੜਕੀ ਨਿਰਾਸ਼ ਨਹੀਂ ਹੋਈ ਅਤੇ ਇਸ ਅਣਹੋਣੀ ਨੂੰ ਰੱਬ ਦੀ ਰਜਾ ਮੰਨ ਸਵਿਕਾਰ ਕੀਤਾ। ਪੰਜਾਬੀ ਸਿਨੇਮਾ ਦੀ ਇਤਿਹਾਸਿਕ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਤੋਂ ਬਾਅਦ ਇੱਕ ਹੋਰ ਨਵਾਂ ਮੀਲ ਪੱਥਰ ਸਿਰਜਣ ਜਾ ਰਹੀ ਇਸ ਫ਼ਿਲਮ 'ਚ ਅਦਾਕਾਰਾ ਰੂਪੀ ਗਿੱਲ ਵੱਲੋਂ ਲੀਡ ਭੂਮਿਕਾ ਨਿਭਾਈ ਗਈ ਹੈ, ਜੋ ਇਸ ਫ਼ਿਲਮ ਦੁਆਰਾ ਪਹਿਲੀ ਵਾਰ ਆਫ ਬੀਟ ਸਿਨੇਮਾ ਦਾ ਹਿੱਸਾ ਬਣਨ ਜਾ ਰਹੀ ਹੈ, ਜਦਕਿ ਇਸ ਤੋਂ ਪਹਿਲਾਂ ਉਨ੍ਹਾਂ ਦਾ ਜੁੜਾਵ ਜ਼ਿਆਦਾਤਰ ਕਮਰਸ਼ੀਅਲ ਸਿਨੇਮਾ ਨਾਲ ਹੀ ਰਿਹਾ ਹੈ।ਸ੍ਰੀ ਅੰਮ੍ਰਿਤਸਰ ਸਾਹਿਬ ਦੇ ਆਸ-ਪਾਸ ਦੇ ਇਲਾਕਿਆਂ 'ਚ ਫਿਲਮਾਈ ਗਈ ਇਸ ਪਰਿਵਾਰਕ ਅਤੇ ਅਰਥ-ਭਰਪੂਰ ਫ਼ਿਲਮ ਦੀ ਸਟਾਰ-ਕਾਸਟ 'ਚ ਯੋਗਰਾਜ ਸਿੰਘ, ਗੁਰਪ੍ਰੀਤ ਘੁੱਗੀ, ਜੱਸ ਬਾਜਵਾ, ਬੀਐਨ ਸ਼ਰਮਾ, ਪ੍ਰਦੀਪ ਚੀਮਾ, ਗੁਰਪ੍ਰੀਤ ਭੰਗੂ ਵੀ ਸ਼ਾਮਲ ਹਨ। ਪਾਲੀਵੁੱਡ ਦੇ ਅਜ਼ੀਮ ਲੇਖਕ ਬਲਦੇਵ ਗਿੱਲ ਅਤੇ ਅਮਰ ਹੁੰਦਲ ਵੱਲੋਂ ਲਿਖੀ ਇਸ ਫ਼ਿਲਮ ਦਾ ਸੰਗੀਤ ਐਵੀ ਸਰਾਂ ਵੱਲੋਂ ਤਿਆਰ ਕੀਤਾ ਗਿਆ ਹੈ, ਜਦਕਿ ਇਸ ਦੇ ਗੀਤਾਂ ਦੀ ਰਚਨਾ ਹਰਮਨਜੀਤ ਸਿੰਘ ਅਤੇ ਰਿੱਕੀ ਖ਼ਾਨ ਵੱਲੋਂ ਕੀਤੀ ਗਈ ਹੈ।


## ਸ਼ੋਅ 'ਗੁੰਮ ਹੈ ਕਿਸੀ ਕੇ ਪਿਆਰ ਮੇਂ' 'ਚ ਆਉਣਗੇ ਸਿੰਗਰ ਸ਼ਾਨ





ਸਟਾਰ ਪਲੱਸ ਦਾ ਸ਼ੋਅ 'ਗੁੰਮ ਹੈ ਕਿਸੀ ਕੇ ਪਿਆਰ ਮੇਂ' ਆਪਣੀ ਦਿਲਚਸਪ ਅਤੇ ਆਕਰਸ਼ਕ ਕਹਾਣੀ ਕਾਰਨ ਬਹੁਤ ਮਸ਼ਹੂਰ ਹੋਇਆ ਹੈ। ਮੌਜੂਦਾ ਕਹਾਣੀ ਸਾਵੀ, ਰਜਤ ਅਤੇ ਸਾਈ 'ਤੇ ਕੇਂਦਰਿਤ ਹੈ। ਸਾਵੀ ਅਤੇ ਰਜਤ ਦੀ ਮੰਗਣੀ ਦਾ ਜਸ਼ਨ ਜਲਦੀ ਹੀ ਸ਼ੁਰੂ ਹੋਣ ਜਾ ਰਿਹਾ ਹੈ। 12 ਅਗਸਤ ਨੂੰ ਇਕ ਦੋਹਰਾ ਜਸ਼ਨ ਹੋਵੇਗਾ ਸਰਾਜ ਦੇ ਪ੍ਰਸ਼ੰਸਕਾਂ ਲਈ ਇਕ ਹੋਰ ਖੁਸ਼ਖਬਰੀ ਹੈ 'ਗੁੰਮ ਹੈ ਕਿਸ ਕੇ ਪਿਆਰ ਮੇਂ' ਦੇ ਸਾਵੀ ਅਤੇ ਰਜਤ ਦੀ ਮੰਗਣੀ ਵਿਚ ਮਸ਼ਹੂਰ ਗਾਇਕ ਸ਼ਾਨ ਸ਼ਾਮਿਲ ਹੋਣਗੇ।ਸ਼ਾਨ ਨੇ ਕਿਹਾ ਕਿ ਸਟਾਰ ਪਲੱਸ ਦੇ ਸ਼ੋਅ ਦਾ ਹਿੱਸਾ ਬਣਨਾ ਖੁਸ਼ੀ ਦੀ ਗੱਲ ਹੈ। ਫਿਲਹਾਲ ਸਾਵੀ ਅਤੇ ਰਜਤ ਦੇ ਰਿਸ਼ਤੇ 'ਚ ਕੁਝ ਸਮੱਸਿਆਵਾਂ ਹਨ। ਮੇਰਾ ਮੰਨਣਾ ਹੈ ਕਿ ਉਨ੍ਹਾਂ ਦੇ ਮੰਗਣੀ ਸਮਾਗਮ ਵਿੱਚ ਸ਼ਾਮਿਲ ਹੋ ਕੇ ਮੈਂ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ 'ਚ ਮਦਦ ਕਰ ਸਕਦਾ ਹਾਂ।

# ਫ਼ਿਲਮ 'ਬੀਬੀ ਰਜਨੀ' ਦੇ ਟ੍ਰੇਲਰ ਲਾਂਚ ਤੋਂ ਪਹਿਲਾਂ ਮਹਾਨ ਕੀਰਤਨ ਤੇ 'ਵਿਸ਼ਵਾਸ ਦਾ ਬੂਟਾ' ਪ੍ਰਸ਼ਾਦ ਦੇ ਰੂਪ 'ਚ ਵੰਡੇ






ਸ਼ਿੱਦਤ ਨਾਲ ਉਡੀਕੀ ਜਾ ਰਹੀ ਧਾਰਮਿਕ ਫਿਲਮ ਬੀਬੀ ਰਜਨੀ ਵਿਸ਼ਵ ਭਰ 'ਚ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਫਿਲਮ ਦਾ ਟ੍ਰੇਲਰ ਇਕ ਸ਼ਾਨਦਾਰ ਸਮਾਗਮ 'ਚ ਲਾਂਚ ਕੀਤਾ ਗਿਆ, ਜਿਸ 'ਚ ਫਿਲਮ ਦੀ ਸਟਾਰ ਕਾਸਟ ਅਤੇ ਨਾਮਵਰ ਸ਼ਖਸੀਅਤਾਂ ਨੂੰ ਇਕੱਠਾ ਕੀਤਾ ਗਿਆ, ਜਿਨ੍ਹਾਂ ਨੇ ਆਪਣਾ ਜੀਵਨ ਪੰਜਾਬ ਦੀ ਸੇਵਾ ਲਈ ਸਮਰਪਿਤ ਕੀਤਾ ਹੈ। ਇਸ ਮੌਕੇ ਪ੍ਰਸਿੱਧ ਅਦਾਕਾਰ ਯੋਗਰਾਜ ਸਿੰਘ, ਨਿਰਦੇਸ਼ਕ ਅਮਰ ਹੁੰਦਲ ਅਤੇ ਪ੍ਰਤਿਭਾਸ਼ਾਲੀ ਅਦਾਕਾਰਾਂ ਰੂਪੀ ਗਿੱਲ, ਸੀਮਾ ਕੌਸ਼ਲ ਅਤੇ ਜਰਨੈਲ ਸਿੰਘ ਨੇ ਸ਼ਿਰਕਤ ਕੀਤੀ। ਪ੍ਰੋਡਿਊਸਰ ਗੁਰਕਰਨ ਧਾਲੀਵਾਲ ਅਤੇ ਫਿਲਮ ਦੀਆਂ ਹੋਰ ਅਹਿਮ ਹਸਤੀਆਂ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਦੀ ਮਹੱਤਤਾ ਨੂੰ ਵਧਾਉਂਦੇ ਹੋਏ ਪੰਜਾਬ ਦੇ ਅਸਲ-ਜੀਵਨ ਦੇ ਨਾਇਕ, ਜਿਨ੍ਹਾਂ ਨੇ ਸਮਾਜ 'ਚ ਜ਼ਿਕਰਯੋਗ ਯੋਗਦਾਨ ਪਾਇਆ ਹੈ ਹਾਜ਼ਰ ਸਨ। ਹਾਜ਼ਰ ਸ਼ਖਸੀਅਤਾਂ 'ਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਐੱਸ. ਪੀ. ਸਿੰਘ ਓਬਰਾਏ, ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਮਨੀਸ਼ਾ ਗੁਲਾਟੀ ਅਤੇ ਪੰਜਾਬ ਦੀਆਂ 7 ਨਾਮਵਰ ਔਰਤਾਂ ਸ਼ਾਮਲ ਸਨ। ਪਟਿਆਲਾ ਤੋਂ ਡਾ. ਹਰਸ਼ਿੰਦਰ ਕੌਰ, ਸਰਪੰਚ ਸੈਸ਼ਨਦੀਪ ਕੌਰ, ਲੋਕ ਗਾਇਕਾ ਮੋਹਿਨੀ ਤੂਰ, ਬਸਤਾਘਰ ਦੀ ਸਮਾਜ ਸੇਵੀ ਰੁਪਿੰਦਰ ਕੌਰ, ਮਹਿਲਾ ਕਿਸਾਨ ਨਵਰੂਪ ਕੌਰ, ਯੂਨੀਕ ਹੋਮ ਜਲੰਧਰ ਦੀ ਪਦਮ ਸ਼੍ਰੀ ਬੀਬੀ ਪ੍ਰਕਾਸ਼ ਕੌਰ ਨੂੰ ਬੀਬੀ ਰਜਨੀ ਦੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਦਮਸ਼੍ਰੀ ਬਾਬਾ ਗੁਰਵਿੰਦਰ ਸਿੰਘ ਸਿਰਸਾ ਵਾਲੇ ਵੀ ਮੁੱਖ ਮਹਿਮਾਨ ਵਜੋਂ ਸ਼ਾਮਲ ਸਨ, ਜਿਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਟ੍ਰੇਲਰ ਲਾਂਚ ਕਰਨ ਦੀ ਸ਼ੁਰੂਆਤ ਇਕ ਰੂਹਾਨੀ ਕੀਰਤਨ ਸਮਾਗਮ ਨਾਲ ਹੋਈ, ਜਿਸ ਨੇ ਸਮਾਗਮ ਲਈ ਇਕ ਸ਼ਰਧਾਮਈ ਧੁਨ ਕਾਇਮ ਕੀਤੀ। 'ਬੀਬੀ ਰਜਨੀ' ਦੇ ਟ੍ਰੇਲਰ ਲਾਂਚ ਤੋਂ ਪਹਿਲਾਂ ਇਕ ਕੀਰਤਨ ਸਮਾਰੋਹ ਅਤੇ 'ਵਿਸ਼ਵਾਸ ਦਾ ਬੂਟਾ' ਮੁਹਿੰਮ ਹੋਈ, ਜਿਸ 'ਚ ਵਿਸ਼ਵਾਸ, ਵਿਕਾਸ ਅਤੇ ਉਮੀਦ ਦੇ ਪ੍ਰਤੀਕ 200 ਬੂਟੇ ਪ੍ਰਸ਼ਾਦ ਵਜੋਂ ਵੰਡੇ ਗਏ। ਫਿਲਮ 'ਬੀਬੀ ਰਜਨੀ' 30 ਅਗਸਤ 2024 ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋ ਰਹੀ ਹੈ।

# ਸ਼ਾਹਰੁਖ ਖ਼ਾਨ ਨੇ ਲਾਈ ਫ਼ਿਲਮ 'ਕਿੰਗ' 'ਤੇ ਮੋਹਰ



ਬਾਲੀਵੁੱਡ ਦੇ 'ਬਾਦਸ਼ਾਹ' ਸ਼ਾਹਰੁਖ ਖ਼ਾਨ ਨੂੰ ਹਾਲ ਹੀ 'ਚ ਸਵਿਟਜ਼ਰਲੈਂਡ 'ਚ ਲੋਕਾਰਨੋ ਫ਼ਿਲਮ ਫੈਸਟੀਵਲ 'ਚ ਸਨਮਾਨਿਤ ਕੀਤਾ ਗਿਆ। ਉਸ ਨੂੰ ਸਿਨੇਮਾ 'ਚ ਅਥਾਹ ਯੋਗਦਾਨ ਲਈ ਪਾਰਡੋ ਅਲਾ ਕੈਰੀਏਰਾ ਅਸਕੋਨਾ-ਲੋਕਾਰਨੋ ਟੂਰਿਜ਼ਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸ਼ਾਹਰੁਖ ਨੇ ਆਪਣੀ ਬਹੁਤ ਉਡੀਕੀ ਜਾ ਰਹੀ ਫ਼ਿਲਮ 'ਕਿੰਗ' ਦੀ ਪੁਸ਼ਟੀ ਕੀਤੀ। ਸੁਪਰਸਟਾਰ ਨੇ ਫ਼ਿਲਮ ਬਾਰੇ ਇੱਕ ਦਿਲਚਸਪ ਜਾਣਕਾਰੀ ਵੀ ਸਾਂਝੀ ਕੀਤੀ ਹੈ।ਲੋਕਾਰਨੋ ਫ਼ਿਲਮ ਫੈਸਟੀਵਲ ਦੌਰਾਨ ਕਿੰਗ ਖ਼ਾਨ ਨੇ ਲਾਈਵ ਸੈਸ਼ਨ 'ਚ ਵੀ ਹਿੱਸਾ ਲਿਆ। ਲਾਈਵ ਸੈਸ਼ਨ 'ਚ ਦਰਸ਼ਕਾਂ ਨਾਲ ਗੱਲਬਾਤ ਕਰਦੇ ਹੋਏ ਸ਼ਾਹਰੁਖ ਨੇ ਪੁਸ਼ਟੀ ਕੀਤੀ ਕਿ ਉਹ ਆਪਣੀ ਆਉਣ ਵਾਲੀ ਫ਼ਿਲਮ ਸੁਜੋਏ ਘੋਸ਼ ਦੀ ਫ਼ਿਲਮ 'ਕਿੰਗ' ਲਈ ਕੰਮ ਕਰ ਰਹੇ ਹਨ। ਸੁਪਰਸਟਾਰ ਨੇ ਇਹ ਵੀ ਦੱਸਿਆ ਕਿ ਸੁਜੋਏ ਘੋਸ਼ ਦੀ ਆਉਣ ਵਾਲੀ ਫ਼ਿਲਮ ਐਕਸ਼ਨ ਨਾਲ ਭਰਪੂਰ ਹੈ। ਇਸ ਫ਼ਿਲਮ ਲਈ ਉਹ ਕਾਫੀ ਮਿਹਨਤ ਕਰ ਰਹੇ ਹਨ। ਫ਼ਿਲਮ 'ਚ ਆਪਣੀ ਭੂਮਿਕਾ ਲਈ ਉਹ ਭਾਰ 'ਤੇ ਵੀ ਕੰਮ ਕਰ ਰਿਹਾ ਹੈ। ਆਪਣੀ ਆਉਣ ਵਾਲੀ ਫ਼ਿਲਮ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਸ਼ਾਹਰੁਖ ਖ਼ਾਨ ਨੇ ਕਿਹਾ, ''ਐਕਸ਼ਨ ਮੁਸ਼ਕਿਲ ਹੈ, ਤੁਹਾਨੂੰ ਇਸ ਦਾ ਅਭਿਆਸ ਕਰਨਾ ਹੋਵੇਗਾ, ਇਸ ਨੂੰ ਸਿੱਖਣਾ ਹੋਵੇਗਾ ਅਤੇ ਕੁਝ ਖ਼ਤਰਨਾਕ ਸਟੰਟ ਡਬਲ ਵੀ ਕਰਨੇ ਹੋਣਗੇ। ਮੇਰੇ ਕੋਲ ਕੁਝ ਮਹਾਨ ਲੋਕ ਹਨ ਪਰ ਜੇਕਰ ਤੁਸੀਂ ਇਸ ਨੂੰ ਇਮਾਨਦਾਰੀ ਨਾਲ ਦਿਖਾਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਦਾ 80 ਪ੍ਰਤੀਸ਼ਤ ਖੁਦ ਕਰਨਾ ਪਵੇਗਾ। ਨਹੀਂ ਤਾਂ ਇਹ ਸਹੀ ਨਹੀਂ ਹੋਵੇਗਾ।''ਸ਼ਾਹਰੁਖ ਨੇ ਮਜ਼ਾਕ 'ਚ ਕਿਹਾ, ''ਭਾਵੇਂ ਮੈਂ ਸਕਰੀਨ 'ਤੇ ਠੰਡਾ ਦਿਖਦਾ ਹਾਂ ਪਰ ਫ਼ਿਲਮ ਕਰਨ ਤੋਂ ਬਾਅਦ ਮੈਨੂੰ ਦਰਦ ਹੁੰਦਾ ਹੈ। ਇਹ ਗਲੈਮਰਸ ਨਹੀਂ ਹੈ। ਅਦਾਕਾਰ ਨੇ ਅੱਗੇ ਕਿਹਾ, ''ਮੈਂ ਜੋ ਅਗਲੀ ਫ਼ਿਲਮ ਕਰ ਰਿਹਾ ਹਾਂ ਉਹ ਕਿੰਗ ਹੈ, ਮੈਂ ਆਪਣੀ ਫ਼ਿਲਮ ਕਿੰਗ 'ਤੇ ਕੰਮ ਸ਼ੁਰੂ ਕਰਨਾ ਹੈ। ਮੈਨੂੰ ਥੋੜਾ ਭਾਰ ਘਟਾਉਣਾ ਪਵੇਗਾ ਅਤੇ ਥੋੜਾ ਜਿਹਾ ਖਿੱਚਣਾ ਪਵੇਗਾ ਤਾਂ ਕਿ ਐਕਸ਼ਨ ਕਰਦੇ ਸਮੇਂ ਮੈਨੂੰ ਆਪਣੀ ਪਿੱਠ 'ਚ ਕੋਈ ਸਮੱਸਿਆ ਨਾ ਆਵੇ।'' ਆਪਣੇ ਦਰਦ ਬਾਰੇ ਗੱਲ ਕਰਦੇ ਹੋਏ ਸ਼ਾਹਰੁਖ ਖ਼ਾਨ ਨੇ ਕਿਹਾ, ''ਇਹ ਦਰਦਨਾਕ ਹੈ। ਸਭ ਤੋਂ ਬੁਰੀ ਗੱਲ ਇਹ ਹੈ ਕਿ ਐਕਸ਼ਨ ਤੋਂ ਬਾਅਦ ਮੈਨੂੰ ਸੈੱਟ 'ਤੇ ਦੇਖਣਾ ਕਿਉਂਕਿ ਮੈਂ ਫ਼ਿਲਮ 'ਚ ਬਹੁਤ ਵਧੀਆ ਦਿਖਦਾ ਹਾਂ ਪਰ ਮੈਂ ਪੂਰੀ ਤਰ੍ਹਾਂ ਨਾਲ ਬੰਨ੍ਹਿਆ ਹੋਇਆ ਹਾਂ। ਅਚਾਨਕ ਤੁਸੀਂ ਦੇਖਦੇ ਹੋ ਕਿ ਲੋਕ ਫਲਾਇੰਗ ਕਿੱਸ ਕਰਦੇ ਹਨ।''ਐਵਾਰਡ ਨੂੰ ਸਵੀਕਾਰ ਕਰਦੇ ਹੋਏ ਸ਼ਾਹਰੁਖ ਨੇ ਆਪਣੇ ਸੁਹਜ ਨਾਲ 8,000 ਦਰਸ਼ਕਾਂ ਨੂੰ ਆਕਰਸ਼ਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਦੇ ਹਾਸੇ-ਮਜ਼ਾਕ ਅਤੇ ਚੁਟਕਲਿਆਂ ਨੇ ਲੋਕਾਂ ਨੂੰ ਹਸਾ ਦਿੱਤਾ। ਸੁਪਰਸਟਾਰ ਨੇ ਐਵਾਰਡ ਦਾ ਨਾਂ ਉਚਾਰਣ 'ਚ ਦਿੱਕਤ ਦਾ ਮਜ਼ਾਕ ਵੀ ਉਡਾਇਆ। ਉਨ੍ਹਾਂ ਧੰਨਵਾਦ ਪ੍ਰਗਟਾਉਂਦਿਆਂ ਕਿਹਾ, ''ਤੁਹਾਡੇ ਸਾਰਿਆਂ ਦਾ ਧੰਨਵਾਦ, ਜਿਨ੍ਹਾਂ ਨੇ ਇੰਨੀਆਂ ਵੱਡੀਆਂ ਬਾਹਾਂ ਨਾਲ ਮੇਰਾ ਸਵਾਗਤ ਕੀਤਾ।''

# ਕੀ ਦੇਖਿਆ ਸਤਿੰਦਰ ਸਰਤਾਜ ਦਾ ਘਰ, ਗਾਇਕ ਕਿਉਂ ਆਪਣੇ ਘਰ ਨੂੰ ਕਹਿੰਦੇ ਨੇ ਫ਼ਿਰਦੌਸ?



ਸੂਫ਼ੀ ਗਾਇਕ ਸਤਿੰਦਰ ਸਰਤਾਜ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਸਦਾ ਬਹਾਰ ਗਾਇਕਾਂ ਦੀ ਸੂਚੀ 'ਚ ਸਭ ਤੋਂ ਉੱਪਰ ਹਨ। ਗਾਇਕ ਦੇ ਗੀਤਾਂ ਨੂੰ ਪ੍ਰਸ਼ੰਸਕ ਇੰਨਾ ਪਸੰਦ ਕਰਦੇ ਹਨ ਕਿ ਯੂਟਿਊਬ 'ਤੇ ਪਲ਼ਾਂ 'ਚ ਹੀ ਟ੍ਰੈਂਡ ਕਰਨ ਲੱਗ ਜਾਂਦੇ ਹਨ।ਹਾਲ ਹੀ 'ਚ ਗਾਇਕ ਨੇ ਆਪਣੇ ਘਰ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਸ ਨੂੰ ਦੇਖ ਕੋਈ ਵੀ ਕਹੇਗਾ ਕਿ ਇਹ ਘਰ ਨਹੀਂ ਸਗੋਂ ਕੋਈ ਮਿਊਜ਼ਿਅਮ ਹੈ, ਕਿਉਂਕਿ ਗਾਇਕ ਨੇ ਆਪਣੇ ਰਹਿਣ, ਪੜ੍ਹਨ ਆਦਿ ਦੀਆਂ ਜਗ੍ਹਾ ਨੂੰ ਸੁੰਦਰ-ਸੁੰਦਰ ਨਾਮ ਪਲੇਟਾਂ ਨਾਲ ਸਜਾਇਆ ਹੋਇਆ ਹੈ।ਇਸ ਦੇ ਨਾਲ ਦੀ ਗਾਇਕ ਨੇ ਆਪਣੇ ਘਰ 'ਤੇ ਉੱਪਰ 'ਫ਼ਿਰਦੌਸ' ਲਿਖਿਆ ਹੋਇਆ ਹੈ, ਜੋ ਕਿ ਸਭ ਦਾ ਧਿਆਨ ਖਿੱਚਦਾ ਹੈ।ਜੇਕਰ ਅਸੀਂ ਇੱਥੇ ਫ਼ਿਰਦੌਸ ਸ਼ਬਦ ਦੇ ਭਾਵ ਦਾ ਪਤਾ ਕਰੀਏ ਤਾਂ ਇਸ ਦਾ ਭਾਵ ਹੈ 'ਸਵਰਗ'। ਇਸ ਦੌਰਾਨ ਕਹਿ ਸਕਦੇ ਹਾਂ ਕਿ ਗਾਇਕ ਸਰਤਾਜ ਆਪਣੇ ਘਰ ਨੂੰ ਆਪਣਾ ਸਵਰਗ ਮੰਨਦਾ ਹੈ।ਜੇਕਰ ਗਾਇਕ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਹਾਲ ਹੀ 'ਚ ਸਤਿੰਦਰ ਸਰਤਾਜ ਦਾ ਨਵਾਂ ਗੀਤ ਰਿਲੀਜ਼ ਹੋਇਆ ਸੀ, ਜਿਸ ਨੂੰ ਪ੍ਰਸ਼ੰਸਕਾਂ ਨੇ ਕਾਫੀ ਪਿਆਰ ਨਿਵਾਜਿਆ।

# 'ਕੰਗੁਵਾ' ਦਾ ਅੱਜ ਰਿਲੀਜ਼ ਹੋਵੇਗਾ ਦਮਦਾਰ ਟ੍ਰੇਲਰ



ਸਟੂਡੀਓ ਗ੍ਰੀਨ ਦੁਆਰਾ ਨਿਰਮਿਤ, ਸੂਰੀਆ ਸਟਾਰਰ 'ਕੰਗੁਵਾ' ਇਸ ਸਾਲ ਦੀ ਵੱਡੀ ਫਿਲਮ ਹੈ। ਦਿਲਚਸਪ ਪੋਸਟਰਾਂ ਅਤੇ ਰੋਮਾਂਚਕ 'ਫਾਇਰ ਸਾਂਗ' ਨਾਲ ਲੋਕਾਂ ਦਾ ਧਿਆਨ ਖਿੱਚਣ ਤੋਂ ਬਾਅਦ ਪ੍ਰਸ਼ੰਸਕਾਂ ਦੀ ਉਡੀਕ ਹੁਣ ਖਤਮ ਹੋ ਗਈ ਹੈ। ਸ਼ਿਵਾ ਦੁਆਰਾ ਨਿਰਦੇਸ਼ਿਤ 'ਕੰਗੁਵਾ' ਦਾ ਬਹੁਤ ਉਡੀਕਿਆ ਜਾ ਰਿਹਾ ਟ੍ਰੇਲਰ 12 ਅਗਸਤ ਨੂੰ ਰਿਲੀਜ਼ ਹੋਵੇਗਾ। 'ਕੰਗੁਵਾ' ਦੇ ਮੇਕਰਸ ਨੇ ਸੋਸ਼ਲ ਮੀਡੀਆ 'ਤੇ ਨਵਾਂ ਪੋਸਟਰ ਸ਼ੇਅਰ ਕੀਤਾ ਹੈ। ਸਟੂਡੀਓ ਗ੍ਰੀਨ ਨੇ ਇਸ ਨੂੰ ਵੱਡੇ ਪੈਮਾਨੇ 'ਤੇ ਰਿਲੀਜ਼ ਕਰਨ ਲਈ ਚੋਟੀ ਦੇ ਡਿਸਟ੍ਰੀਬਿਊਸ਼ਨ ਹਾਊਸਾਂ ਨਾਲ ਹੱਥ ਮਿਲਾਇਆ ਹੈ। ਇਹ ਫਿਲਮ 10 ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਹੈ।

## ਹਿੰਸਾ ਦੀ ਅੱਗ 'ਚ ਸੜਦਾ ਬ੍ਰਿਟੇਨ



ਬ੍ਰਿਟੇਨ ’ਚ ਬੁੱਧਵਾਰ ਪੂਰੀ ਰਾਤ ਚੱਲੀ ਦੰਗੇਬਾਜ਼ਾਂ ਦੀ ਫੜੋ-ਫੜੀ ਦੇ ਬਾਵਜੂਦ ਬ੍ਰਿਟੇਨ ਵਿਚ 29 ਜੁਲਾਈ ਨੂੰ ਸ਼ੁਰੂ ਹੋਈ ਦੰਗਿਆਂ ਦੀ ਅੱਗ ਘੱਟ ਹੋਣ ਦਾ ਨਾਂ ਨਹੀਂ ਲੈ ਰਹੀ। ਰਾਈਟ ਵਿੰਗ ਦੇ ਦੰਗੇਬਾਜ਼ ਗੋਰਿਆਂ ਨੇ ਅਗਲੇ ਹਫ਼ਤੇ ਫਿਰ ਬ੍ਰਿਟੇਨ ਦੇ ਵੱਖ-ਵੱਖ ਹਿੱਸਿਆਂ ਵਿਚ ਵਿਖਾਵਿਆਂ ਦਾ ਪ੍ਰੋਗਰਾਮ ਤਿਆਰ ਕੀਤਾ ਹੈ। ਪ੍ਰੋਗਰਾਮ ਮੁਤਾਬਕ 9 ਅਗਸਤ ਨੂੰ ਬੇਲਮੀਨਾ, 10 ਅਗਸਤ ਨੂੰ ਲਿਵਰਪੂਲ, ਨਿਊ ਕੈਸਲ, ਸ਼ਰੂਜ਼ਬਰੀ, ਸੈਲਫੋਰਡ, 17 ਅਗਸਤ ਨੂੰ ਟਾਂਟਨ, ਬਰਮਿੰਘਮ, ਡਾਵਰ, 18 ਅਗਸਤ ਨੂੰ ਬਰਨੀਮਾਊਥ, 7 ਸਤੰਬਰ ਨੂੰ ਗਲਾਸਗੋ ਅਤੇ 14 ਸਤੰਬਰ ਨੂੰ ਬਰਮਿੰਘਮ ਵਿਚ ਵਿਖਾਵਾ ਕੀਤਾ ਜਾ ਸਕਦਾ ਹੈ।

ਹਾਲਾਂਕਿ ਇੰਗਲੈਂਡ ਦੀ ਪੁਲਸ ਬੁੱਧਵਾਰ ਪੂਰਾ ਦਿਨ ਸੜਕਾਂ ’ਤੇ ਰਹੀ ਅਤੇ ਪੁਲਸ ਨੂੰ ਦੰਗੇਬਾਜ਼ਾਂ ਨਾਲ ਨਜਿੱਠਣ ਲਈ ਸਖਤ ਮਿਹਨਤ ਕਰਨੀ ਪਈ। ਵਿਖਾਵਿਆਂ ਨੂੰ ਰੋਕਣ ਲਈ ਪੁਲਸ ਨੇ ਬੁੱਧਵਾਰ ਰਾਤ ਭਰ ਆਪ੍ਰੇਸ਼ਨ ਚਲਾਇਆ। ਬ੍ਰਿਟੇਨ ਦੀ ਸਭ ਤੋਂ ਵੱਡੀ ਪੁਲਸ ਫੋਰਸ ਦੇ ਮੁਖੀ ਮਾਰਕ ਰੋਲੀ ਨੇ ਦੱਸਿਆ ਕਿ ਪੁਲਸ ਨੇ ਸਭ ਤੋਂ ਪਹਿਲਾਂ ਅਜਿਹੇ ਵਿਖਾਵਾਕਾਰੀਆਂ ਦੀ ਪਛਾਣ ਕੀਤੀ, ਜੋ ਹਿੰਸਾ ਫੈਲਾਉਣ ’ਚ ਸਭ ਤੋਂ ਅੱਗੇ ਸਨ। ਪੁਲਸ ਨੇ ਅਜਿਹੇ 20 ਵਿਖਾਵਾਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਵਿਚੋਂ 70 ਫੀਸਦੀ ਦਾ ਅਪਰਾਧਕ ਪਿਛੋਕੜ ਹੈ। ਇਸ ਮਾਮਲੇ ’ਚ ਲੰਡਨ ਦੀ ਮੈਟਰੋਪੋਲੀਟਨ ਪੁਲਸ ਨੇ ਵੀ ਕੇਂਦਰੀ ਪੁਲਸ ਫੋਰਸ ਦਾ ਸਾਥ ਦਿੱਤਾ ਅਤੇ ਸੜਕਾਂ ’ਤੇ ਵਿਖਾਵਾਕਾਰੀਆਂ ਨਾਲ ਨਜਿੱਠਣ ’ਚ ਜੁਟੀ ਰਹੀ। ਇਸ ਵਿਚਾਲੇ ਪੁਲਸ ਨੇ ਹੁਣ ਤਕ ਦੰਗਿਆਂ ਦੇ ਮਾਮਲੇ ’ਚ 483 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ 149 ਵਿਅਕਤੀਆਂ ਖਿਲਾਫ ਦੋਸ਼ ਤੈਅ ਕੀਤੇ ਗਏ ਹਨ।ਸਾਊਥ ਪੋਰਟ ਦੀ ਮਸਜਿਦ ਦੇ ਬਾਹਰ ਦੰਗਾ ਕਰਨ ਦੇ ਦੋਸ਼ ਵਿਚ 43 ਸਾਲਾ ਜਾਨ ਓ ਮੈਲੇ ਨੂੰ ਸਜ਼ਾ ਸੁਣਾਈ ਗਈ ਹੈ। ਜਾਨ ਨੇ ਪਿਛਲੇ ਹਫਤੇ ਮਸਜਿਦ ਦੇ ਬਾਹਰ ਇਕ ਹਜ਼ਾਰ ਤੋਂ ਵੱਧ ਲੋਕਾਂ ਦੀ ਭੀੜ ਨਾਲ ਦੰਗਾ ਕੀਤਾ ਸੀ, ਜਦੋਂਕਿ 69 ਸਾਲਾ ਵਿਲੀਅਮ ਨੈਲਸਨ ਮੋਰਗਨ ਨੂੰ ਵੀ ਸਜ਼ਾ ਸੁਣਾਈ ਗਈ ਹੈ। ਦੋਵਾਂ ਨੂੰ 5 ਸਾਲ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਹਿਣਾ ਪਵੇਗਾ। ਮੋਰਗਨ ਨੇ ਲਿਵਰਪੂਲ ’ਚ ਜਾਨਲੇਵਾ ਹਥਿਆਰਾਂ ਦੇ ਨਾਲ ਵਿਖਾਵਾ ਕਰਨ ਦੀ ਗੱਲ ਮੰਨੀ ਸੀ। ਇਨ੍ਹਾਂ ਦੋਵਾਂ ਨੂੰ ਲਾਈਵ ਟੈਲੀਵਿਜ਼ਨ ’ਤੇ ਸੁਣਵਾਈ ਦੌਰਾਨ ਸਜ਼ਾ ਦੇਣ ਦਾ ਐਲਾਨ ਕੀਤਾ ਗਿਆ। ਇਨ੍ਹਾਂ ਦੋਵਾਂ ਤੋਂ ਇਲਾਵਾ ਕਈ ਹੋਰ ਮੁਲਜ਼ਮਾਂ ਖਿਲਾਫ ਵੀ ਅਦਾਲਤ ’ਚ ਸੁਣਵਾਈ ਜਾਰੀ ਹੈ ਅਤੇ ਜਲਦੀ ਹੀ ਹੋਰ ਲੋਕਾਂ ਨੂੰ ਵੀ ਸਜ਼ਾ ਦਾ ਐਲਾਨ ਹੋ ਸਕਦਾ ਹੈ। ਬੁੱਧਵਾਰ ਨੂੰ ਹੀ ਬ੍ਰਿਟੇਨ ਦੀਆਂ ਵੱਖ-ਵੱਖ ਅਦਾਲਤਾਂ ਨੇ ਦੰਗਿਆਂ ਵਿਚ ਸ਼ਾਮਲ 4 ਗੋਰਿਆਂ ਨੂੰ ਸਜ਼ਾ ਸੁਣਾਈ ਸੀ।ਬ੍ਰਿਟੇਨ ਵਿਚ ਚੱਲ ਰਹੇ ਦੰਗਿਆਂ ਨੇ ਦੁਨੀਆ ਨੂੰ 1934 ’ਚ ਵਰਥਿੰਗ ਸ਼ਹਿਰ ਵਿਚ ਹੋਏ ਦੰਗਿਆਂ ਦੀ ਯਾਦ ਦਿਵਾ ਦਿੱਤੀ ਹੈ। ਉਸ ਵੇਲੇ ਨਾਜ਼ੀ ਸਮਰਥਕ ਓਸਵਾਲਡ ਮੋਸਲੇ ਦੀ ਅਗਵਾਈ ’ਚ ਬ੍ਰਿਟਿਸ਼ ਯੂਨੀਅਨ ਆਫ ਫਾਸਿਸਟਸ ਦੇ ਮੈਂਬਰਾਂ ਤੇ ਫਾਸ਼ੀਵਾਦੀ ਵਿਖਾਵਾਕਾਰੀਆਂ ਵਿਚਾਲੇ ਟਕਰਾਅ ਤੋਂ ਬਾਅਦ ਦੰਗੇ ਹੋਏ ਸਨ ਅਤੇ ਲੜਾਈ ਉਸ ਵੇਲੇ ਤਕ ਜਾਰੀ ਰਹੀ ਸੀ ਜਦੋਂ ਤਕ ਪੁਲਸ ਨੇ ਕਈ ਫਾਸਿਸਟਾਂ ਨੂੰ ਗ੍ਰਿਫਤਾਰ ਨਹੀਂ ਕਰ ਲਿਆ। ਓਸਵਾਲਡ ਮੋਸਲੇ ਉਸ ਵੇਲੇ ਬ੍ਰਿਟੇਨ ਦੇ ਸਭ ਤੋਂ ਨੌਜਵਾਨ ਸੰਸਦ ਮੈਂਬਰਾਂ ਵਿਚੋਂ ਇਕ ਸਨ ਅਤੇ ਇਨ੍ਹਾਂ ਦੰਗਿਆਂ ਨੂੰ ਸਿਆਸੀ ਸਮਰਥਨ ਤੋਂ ਇਲਾਵਾ ਮੋਸਲੇ ਦੇ ਅਮੀਰ ਦੋਸਤਾਂ ਦਾ ਸਮਰਥਨ ਵੀ ਹਾਸਲ ਸੀ।‘ਡੇਲੀ ਮੇਲ’ ਦੇ ਮਾਲਕ ਵਿਸਕਾਊਂਟ ਰੋਦਰਮੇਰੇ ਵੀ ਵਿਖਾਵਾਕਾਰੀਆਂ ਦਾ ਸਮਰਥਨ ਕਰ ਰਹੇ ਸਨ ਅਤੇ ਉਨ੍ਹਾਂ ਇਸ ਦੌਰਾਨ ‘ਡੇਲੀ ਮੇਲ’ ਵਿਚ ਕੁਝ ਆਰਟੀਕਲ ਵੀ ਛਾਪੇ ਸਨ ਪਰ ਮੌਜੂਦਾ ਸਮੇਂ ’ਚ ਬ੍ਰਿਟੇਨ ਵਿਚ ਹੋ ਰਹੇ ਦੰਗਿਆਂ ਪਿੱਛੇ ਇਸ ਤਰ੍ਹਾਂ ਦਾ ਸਮਰਥਨ ਨਹੀਂ ਹੈ। ਬ੍ਰਿਟੇਨ ਵਿਚ ਹੋ ਰਹੇ ਇਹ ਦੰਗੇ ਕਿਤੇ ਨਾ ਕਿਤੇ ਯੂ. ਕੇ. ’ਚ ਹੇਠਲੇ ਵਰਗ ਵਿਚ ਵਿਵਸਥਾ ਪ੍ਰਤੀ ਫੈਲ ਰਹੇ ਗੁੱਸੇ ਦਾ ਨਤੀਜਾ ਹਨ। ਅਸਲ ’ਚ ਬ੍ਰਿਟੇਨ ਦੇ ਹੇਠਲੇ ਵਰਗ ਨੂੰ ਦਹਾਕਿਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਬੇਰੋਜ਼ਗਾਰੀ, ਗਰੀਬੀ ਤੇ ਬੋਰੀਅਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਆਪਣਾ ਭਵਿੱਖ ਵੀ ਬਹੁਤਾ ਚੰਗਾ ਨਜ਼ਰ ਨਹੀਂ ਆ ਰਿਹਾ। ਦੰਗਿਆਂ ਦੌਰਾਨ ਲੁੱਟੀਆਂ ਹੋਈਆਂ ਦੁਕਾਨਾਂ ਅਤੇ ਸ਼ਰਨਾਰਥੀਆਂ ਨੂੰ ਰੱਖਣ ਵਾਲੇ ਹੋਟਲਾਂ ’ਤੇ ਹਮਲਿਆਂ ਦਾ ਸੁਨੇਹਾ ਇਹ ਹੈ ਕਿ ਕੋਈ ਸਾਡੀ ਗੱਲ ਨਹੀਂ ਸੁਣ ਰਿਹਾ ਅਤੇ ਅਸੀਂ ਨਿਰਾਸ਼ ਹਾਂ। ਹਾਲਾਂਕਿ ਮੱਧ ਵਰਗ ਦੇ ਵਿਸ਼ਾਲ ਬਹੁਮਤ ਨੇ ਹਿੰਸਾ ਦੀ ਨਿੰਦਾ ਕੀਤੀ ਹੈ ਅਤੇ ਇਹ ਵਰਗ ਇਸ ਮਾਮਲੇ ’ਚ ਭੁਲੇਖੇ ਵਿਚ ਪਿਆ ਜ਼ਿਆਦਾ ਨਜ਼ਰ ਆ ਰਿਹਾ ਹੈ।ਪਿਛਲੇ 10 ਦਿਨਾਂ ਤੋਂ ਬ੍ਰਿਟੇਨ ਦੀਆਂ ਸੜਕਾਂ ’ਤੇ ਹੋ ਰਹੀ ਹਿੰਸਾ ਵਿਚਾਲੇ ਹੁਣ ਜਨਤਾ ਨੇ ਵੀ ਰਾਈਟ ਵਿੰਗ ਦੇ ਦੰਗੇਬਾਜ਼ ਗੋਰਿਆਂ ਖਿਲਾਫ ਸੜਕਾਂ ’ਤੇ ਉਤਰਨਾ ਸ਼ੁਰੂ ਕਰ ਦਿੱਤਾ ਹੈ। ਰਾਈਟ ਵਿੰਗ ਨੇ ਬੁੱਧਵਾਰ ਨੂੰ 100 ਥਾਵਾਂ ’ਤੇ ਵਿਖਾਵਾ ਕੀਤਾ ਤਾਂ ਇਸ ਦੇ ਜਵਾਬ ’ਚ 30 ਥਾਵਾਂ ’ਤੇ ਆਮ ਲੋਕਾਂ ਨੇ ਵੀ ਜਵਾਬੀ ਵਿਖਾਵਾ ਕੀਤਾ। ਪੁਲਸ ਮੁਤਾਬਕ 25 ਹਜ਼ਾਰ ਤੋਂ ਵੱਧ ਲੋਕ ਇਨ੍ਹਾਂ ਵਿਖਾਵਿਆਂ ਵਿਚ ਸ਼ਾਮਲ ਰਹੇ। ਪੁਲਸ ਦਾ ਦਾਅਵਾ ਹੈ ਕਿ ਜਨਤਾ ਦੇ ਸਹਿਯੋਗ ਅਤੇ ਪੁਲਸ ਦੀ ਸਰਗਰਮੀ ਕਾਰਨ ਹੁਣ ਰਾਈਟ ਵਿੰਗ ਦੇ ਵਿਖਾਵਾਕਾਰੀ ਕਮਜ਼ੋਰ ਪੈ ਰਹੇ ਹਨ ਪਰ ਇਸ ਦਾਅਵੇ ਦੇ ਬਾਵਜੂਦ ਬ੍ਰਿਟੇਨ ਵਿਚ ਅਜੇ ਤਕ ਸਥਿਤੀ ਆਮ ਵਰਗੀ ਨਹੀਂ ਹੋਈ ਅਤੇ ਲੋਕਾਂ ਵਿਚ ਡਰ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ। ਕਈ ਸ਼ਹਿਰਾਂ ਵਿਚ ਦੁਕਾਨਾਂ ਤੇ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ ਅਤੇ ਇਨ੍ਹਾਂ ਦੰਗਿਆਂ ਕਾਰਨ ਬ੍ਰਿਟੇਨ ਦੀ ਇਮੇਜ ਕੌਮਾਂਤਰੀ ਪੱਧਰ ’ਤੇ ਪ੍ਰਭਾਵਿਤ ਹੋ ਰਹੀ ਹੈ।

## ਬੰਗਲਾਦੇਸ਼ 'ਚ ਚਾਰ ਹਫ਼ਤਿਆਂ 'ਚ 42 ਪੁਲਸ ਮੁਲਾਜ਼ਮਾਂ ਸਮੇਤ 580 ਲੋਕਾਂ ਦੀ ਮੌਤ




ਬੰਗਲਾਦੇਸ਼ ਵਿੱਚ ਕੋਟਾ ਸੁਧਾਰ ਅੰਦੋਲਨ ਅਤੇ ਉਸ ਤੋਂ ਬਾਅਦ ਹੋਏ ਵਿਆਪਕ ਸਰਕਾਰ ਵਿਰੋਧੀ ਹਿੰਸਕ ਪ੍ਰਦਰਸ਼ਨਾਂ ਵਿੱਚ 16 ਜੁਲਾਈ ਤੋਂ 6 ਅਗਸਤ ਤੱਕ ਕਰੀਬ ਚਾਰ ਹਫ਼ਤਿਆਂ ਵਿੱਚ 42 ਪੁਲਸ ਅਧਿਕਾਰੀਆਂ ਸਮੇਤ ਘੱਟੋ-ਘੱਟ 580 ਲੋਕ ਮਾਰੇ ਗਏ। ਸਥਾਨਕ ਬੰਗਾਲੀ ਅਖ਼ਬਾਰ 'ਪ੍ਰੋਥਮ ਆਲੋ' ਨੇ ਰਿਪੋਰਟ ਦਿੱਤੀ ਕਿ ਕੋਟਾ ਸੁਧਾਰ ਮੁਹਿੰਮ ਅਤੇ ਬਾਅਦ ਦੇ ਵਿਰੋਧ ਪ੍ਰਦਰਸ਼ਨਾਂ ਦੇ ਨਤੀਜੇ ਵਜੋਂ 16 ਜੁਲਾਈ ਤੋਂ 6 ਅਗਸਤ ਤੱਕ 542 ਮੌਤਾਂ ਹੋਈਆਂ। ਇਨ੍ਹਾਂ ਵਿੱਚੋਂ 216 ਮੌਤਾਂ 16 ਜੁਲਾਈ ਤੋਂ 3 ਅਗਸਤ ਦਰਮਿਆਨ ਹੋਈਆਂ, ਜਦਕਿ ਬਾਕੀ 326 ਮੌਤਾਂ 4 ਤੋਂ 6 ਅਗਸਤ ਦਰਮਿਆਨ ਹੋਈਆਂ। ਵਿਦਿਆਰਥੀਆਂ ਦੀ ਅਗਵਾਈ ਵਾਲੀ ਬਗਾਵਤ ਕਾਰਨ ਸ਼ੇਖ ਹਸੀਨਾ ਨੇ 5 ਅਗਸਤ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦੇਸ਼ ਛੱਡ ਕੇ ਭਾਰਤ ਚਲੀ ਗਈ। ਇਸ ਤੋਂ ਬਾਅਦ 8 ਅਗਸਤ ਨੂੰ ਨੋਬਲ ਪੁਰਸਕਾਰ ਜੇਤੂ ਡਾਕਟਰ ਮੁਹੰਮਦ ਯੂਨਸ ਨੇ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਵਜੋਂ ਸਹੁੰ ਚੁੱਕੀ। 4 ਤੋਂ 6 ਅਗਸਤ ਦਰਮਿਆਨ ਦੇਸ਼ ਵਿੱਚ ਅਵਾਮੀ ਲੀਗ, ਜੁਬੋ ਲੀਗ, ਸਵੱਛ ਸੇਵਕ ਲੀਗ ਅਤੇ ਛਤਰ ਲੀਗ ਦੇ ਘੱਟੋ-ਘੱਟ 87 ਆਗੂ ਅਤੇ ਕਾਰਕੁਨ ਮਾਰੇ ਗਏ। ਪੀੜਤਾਂ ਵਿੱਚ ਘੱਟੋ-ਘੱਟ 36 ਪੁਲਸ ਅਧਿਕਾਰੀ ਸ਼ਾਮਲ ਹਨ। ਪੁਲਸ ਦੇ ਇੰਸਪੈਕਟਰ ਜਨਰਲ ਮੋਇਨੁਲ ਇਸਲਾਮ ਨੇ ਐਤਵਾਰ ਨੂੰ ਪੁਸ਼ਟੀ ਕੀਤੀ ਕਿ 16 ਜੁਲਾਈ ਤੋਂ 6 ਅਗਸਤ ਦਰਮਿਆਨ 42 ਪੁਲਸ ਅਧਿਕਾਰੀ ਮਾਰੇ ਗਏ। ਅਵਾਮੀ ਲੀਗ ਦੇ ਨੇਤਾਵਾਂ ਨੂੰ 4 ਅਗਸਤ ਨੂੰ ਢਾਕਾ ਅਤੇ ਹੋਰ ਥਾਵਾਂ 'ਤੇ ਹਥਿਆਰਾਂ ਅਤੇ ਸਥਾਨਕ ਤੌਰ 'ਤੇ ਹਾਸਲ ਕੀਤੇ ਹਥਿਆਰਾਂ ਨਾਲ ਪ੍ਰਦਰਸ਼ਨਕਾਰੀਆਂ 'ਤੇ ਹਮਲਾ ਕਰਦੇ ਦੇਖਿਆ ਗਿਆ ਸੀ। ਹਾਲਾਂਕਿ ਵਿਰੋਧ ਪ੍ਰਦਰਸ਼ਨਾਂ ਦੇ ਵੱਡੇ ਪੈਮਾਨੇ ਕਾਰਨ ਉਹ ਜ਼ਿਆਦਾ ਦੇਰ ਤੱਕ ਨਹੀਂ ਚੱਲ ਸਕੇ। ਇਸ ਦਿਨ ਦੇਸ਼ ਭਰ ਵਿੱਚ ਘੱਟੋ-ਘੱਟ 111 ਮੌਤਾਂ ਦਰਜ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਘੱਟੋ-ਘੱਟ 27 ਅਵਾਮੀ ਲੀਗ ਦੇ ਮੈਂਬਰ ਸਨ। ਮਧਾਬਦੀ, ਨਰਸਿੰਗਦੀ ਵਿੱਚ ਅਵਾਮੀ ਲੀਗ ਦੀ ਰੈਲੀ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਗੋਲੀ ਮਾਰ ਦਿੱਤੀ ਗਈ। ਪ੍ਰਦਰਸ਼ਨਕਾਰੀਆਂ ਨੇ ਅਵਾਮੀ ਲੀਗ ਦੇ ਮੈਂਬਰਾਂ ਦਾ ਪਿੱਛਾ ਕੀਤਾ ਅਤੇ ਚਾਰਦੀਘਾਲਦੀ ਯੂਨੀਅਨ ਪ੍ਰੀਸ਼ਦ ਦੇ ਪ੍ਰਧਾਨ ਡੇਲਾਵਰ ਹੁਸੈਨ ਸਮੇਤ ਛੇ ਨੂੰ ਮਾਰ ਦਿੱਤਾ। ਹਸੀਨਾ ਦੇ 5 ਅਗਸਤ ਨੂੰ ਦੇਸ਼ ਛੱਡਣ ਤੋਂ ਬਾਅਦ ਅਵਾਮੀ ਲੀਗ ਦੇ ਕਈ ਨੇਤਾਵਾਂ ਅਤੇ ਵਰਕਰਾਂ 'ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਅਗਲੇ ਦਿਨ ਹਿੰਸਾ ਫਿਰ ਸ਼ੁਰੂ ਹੋ ਗਈ, ਜਿਸ ਦੇ ਨਤੀਜੇ ਵਜੋਂ ਕਈ ਮੌਤਾਂ ਹੋਈਆਂ। 5 ਅਗਸਤ ਨੂੰ 108 ਮੌਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 49 ਅਵਾਮੀ ਲੀਗ ਦੇ ਮੈਂਬਰ ਸਨ। 6 ਅਗਸਤ ਨੂੰ ਪਾਰਟੀ ਦੇ 11 ਮੈਂਬਰਾਂ ਸਮੇਤ 107 ਲੋਕ ਮਾਰੇ ਗਏ। ਖੱਬੇ ਪੱਖੀ ਲੀਗ ਦੇ ਸਾਬਕਾ ਵਿਧਾਇਕ ਅਤੇ ਸਾਬਕਾ ਯੋਜਨਾ ਮੰਤਰੀ ਐਮਏ ਮੰਨਨ ਨੇ ਫ਼ੋਨ 'ਤੇ ਪ੍ਰਥਮ ਆਲੋ ਨੂੰ ਦੱਸਿਆ, "ਵਿਦਿਆਰਥੀਆਂ, ਸਿਆਸਤਦਾਨਾਂ, ਵਰਕਰਾਂ ਅਤੇ ਆਮ ਲੋਕਾਂ ਦੀਆਂ ਹੱਤਿਆਵਾਂ ਨੇ ਇੱਕ ਨਾਗਰਿਕ ਵਜੋਂ ਮੈਨੂੰ ਬਹੁਤ ਦੁਖੀ ਕੀਤਾ ਹੈ। ਰਾਜਨੀਤੀ ਦੇ ਭਵਿੱਖ ਲਈ ਹਿੰਸਾ ਤੋਂ ਬਚਣ ਲਈ ਸਿਆਸੀ ਪਾਰਟੀਆਂ ਨੂੰ ਸਮਝੌਤਾ ਕਰਨਾ ਚਾਹੀਦਾ ਹੈ।'

## ਬੱਸ-ਕਾਰ ਦੀ ਟੱਕਰ, ਬੱਚਿਆਂ ਸਮੇਤ 6 ਲੋਕਾਂ ਦੀ ਮੌਤ

ਪੂਰਬੀ ਪੰਜਾਬ ਸੂਬੇ ਦੇ ਭਾਕਰ ਜ਼ਿਲੇ ਵਿਚ ਐਤਵਾਰ ਨੂੰ ਇਕ ਕਾਰ ਅਤੇ ਬੱਸ ਵਿਚਾਲੇ ਟੱਕਰ ਹੋ ਗਈ। ਇਸ ਟੱਕਰ ਵਿਚ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖਮੀ ਹੋ ਗਿਆ। ਬਚਾਅ ਸਰਵਿਸ ਨੇ ਇਹ ਜਾਣਕਾਰੀ ਦਿੱਤੀ। ਮ੍ਰਿਤਕਾਂ ਵਿੱਚ ਤਿੰਨ ਬੱਚੇ ਸ਼ਾਮਲ ਹਨ ਅਤੇ ਇੱਕ ਜ਼ਖਮੀ ਔਰਤ ਹੈ ਜਿਸ ਦੇ ਸਿਰ ਵਿੱਚ ਸੱਟ ਲੱਗੀ ਹੈ।ਇਹ ਹਾਦਸਾ ਜ਼ਿਲੇ ਦੇ ਮਾਨਕੇਰਾ ਇਲਾਕੇ 'ਚ ਝਾਂਗ ਰੋਡ 'ਤੇ ਸ਼ਾਮ ਨੂੰ ਉਸ ਸਮੇਂ ਵਾਪਰਿਆ, ਜਦੋਂ ਇਕ ਕਰਾਸਿੰਗ ਤੋਂ ਲੰਘਦੇ ਸਮੇਂ ਉਲਟ ਦਿਸ਼ਾ ਤੋਂ ਆ ਰਹੇ ਦੋ ਵਾਹਨ ਆਪਸ 'ਚ ਟਕਰਾ ਗਏ, ਜਿਸ ਕਾਰਨ ਕਾਰ 'ਚ ਸਵਾਰ 6 ਲੋਕਾਂ ਦੀ ਮੌਤ ਹੋ ਗਈ। ਬਚਾਅ ਕਰਮਚਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ।




## RSF ਅਤੇ SAF ਵਿਚਾਲੇ ਝੜਪਾਂ, 28 ਲੋਕਾਂ ਦੀ ਮੌਤ



ਪੱਛਮੀ ਸੂਡਾਨ ਦੇ ਉੱਤਰੀ ਦਾਰਫੁਰ ਰਾਜ ਦੀ ਰਾਜਧਾਨੀ ਅਲ ਫਾਸ਼ਰ ‘ਤੇ ਅਰਧ ਸੈਨਿਕ ਰੈਪਿਡ ਸਪੋਰਟ ਫੋਰਸਿਜ਼ (ਆਰ.ਐੱਸ.ਐੱਫ.) ਦੇ ਹਮਲੇ ‘ਚ ਘੱਟੋ-ਘੱਟ 28 ਨਾਗਰਿਕ ਮਾਰੇ ਗਏ ਅਤੇ 46 ਹੋਰ ਜ਼ਖਮੀ ਹੋ ਗਏ। ਰਾਜ ਦੇ ਕਾਰਜਕਾਰੀ ਰਾਜਪਾਲ ਅਲ ਹਾਫਿਜ਼ ਬਖੇਤ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਉਸਨੇ ਐਤਵਾਰ ਨੂੰ ਦੱਸਿਆ,"ਬਜ਼ਾਰਾਂ ਅਤੇ ਨਾਗਰਿਕ ਸਹੂਲਤਾਂ 'ਤੇ ਯੋਜਨਾਬੱਧ ਗੋਲਾਬਾਰੀ ਅਤੇ ਨਾਗਰਿਕਾਂ ਦੇ ਘਰਾਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਉਜਾੜਨ ਤੋਂ ਬਾਅਦ ਆਰ.ਐਸ.ਐਫ ਮਿਲੀਸ਼ੀਆ ਨੇ ਨਵੇਂ ਕਤਲੇਆਮ ਦਾ ਸਹਾਰਾ ਲਿਆ।" ਗਵਰਨਰ ਅਨੁਸਾਰ ਸੂਡਾਨੀ ਆਰਮਡ ਫੋਰਸਿਜ਼ (ਐਸ.ਏ.ਐਫ) ਅਤੇ ਦਾਰਫੁਰ ਖੇਤਰ ਵਿੱਚ ਹਥਿਆਰਬੰਦ ਅੰਦੋਲਨਾਂ ਦੀ ਸੰਯੁਕਤ ਫੋਰਸ ਸ਼ਨੀਵਾਰ ਨੂੰ ਆਰ.ਐਸ.ਐਫ ਦੇ ਹਮਲੇ ਨੂੰ ਅਸਫਲ ਕਰਨ ਵਿੱਚ ਕਾਮਯਾਬ ਰਹੇ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ।ਗਵਰਨਰ ਨੇ ਕਿਹਾ,“ਅਲ ਫਾਸ਼ਰ ਲਚਕੀਲਾ ਅਤੇ ਅਡੋਲ ਰਹੇਗਾ ਅਤੇ ਜਲਦੀ ਹੀ ਕਿਸੇ ਵੀ ਬਾਗੀ ਤੋਂ ਮੁਕਤ ਹੋ ਜਾਵੇਗਾ। ਉੱਧਰ ਆਰ.ਐਸ.ਐਫ ਨੇ ਹਮਲੇ ਬਾਰੇ ਕੋਈ ਟਿੱਪਣੀ ਜਾਰੀ ਨਹੀਂ ਕੀਤੀ ਹੈ। 10 ਮਈ ਤੋਂ ਅਲ ਫਾਸ਼ਰ ਵਿੱਚ SAF ਅਤੇ RSF ਦਰਮਿਆਨ ਭਿਆਨਕ ਝੜਪਾਂ ਚੱਲ ਰਹੀਆਂ ਹਨ। ਸੂਡਾਨ 15 ਅਪ੍ਰੈਲ, 2023 ਤੋਂ SAF ਅਤੇ RSF ਵਿਚਕਾਰ ਘਾਤਕ ਟਕਰਾਅ ਦਾ ਗਵਾਹ ਹੈ, ਜਿਸ ਦੇ ਨਤੀਜੇ ਵਜੋਂ ਘੱਟੋ-ਘੱਟ 16,650 ਜਾਨਾਂ ਗਈਆਂ। ਸੰਯੁਕਤ ਰਾਸ਼ਟਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਅੰਦਾਜ਼ਨ 10.7 ਮਿਲੀਅਨ ਲੋਕ ਹੁਣ ਸੂਡਾਨ ਵਿੱਚ ਅੰਦਰੂਨੀ ਤੌਰ 'ਤੇ ਵਿਸਥਾਪਿਤ ਹਨ, ਲਗਭਗ 2.2 ਮਿਲੀਅਨ ਹੋਰ ਗੁਆਂਢੀ ਦੇਸ਼ਾਂ ਵਿੱਚ ਸ਼ਰਨ ਮੰਗ ਰਹੇ ਹਨ।

## ਆਸਟ੍ਰੇਲੀਆਈ ਰਾਜਦੂਤ ਨੇ ਸਾਰਜੈਂਟ ਜਗਮੀਤ ਸਿੰਘ ਦੀ ਪ੍ਰੇਰਨਾਦਾਇਕ ਯਾਤਰਾ ਦੀ ਕੀਤੀ ਸ਼ਲਾਘਾ




ਆਸਟ੍ਰੇਲੀਅਨ ਹਾਈ ਕਮਿਸ਼ਨਰ ਫਿਲਿਪ ਗ੍ਰੀਨ ਨੇ ਸੋਮਵਾਰ ਨੂੰ ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤੱਕ ਦੀ ਪ੍ਰੇਰਨਾਦਾਇਕ ਯਾਤਰਾ ਦੀ ਸ਼ਲਾਘਾ ਕੀਤੀ। ਨਾਲ ਹੀ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸੱਭਿਆਚਾਰ ਨੂੰ ਵੀ ਉਜਾਗਰ ਕੀਤਾ। ਉਨ੍ਹਾਂ ਨੇ ਕਿਹਾ ਕਿ ਆਸਟ੍ਰੇਲੀਆ ਇੱਕ ਆਧੁਨਿਕ ਅਤੇ ਸੱਭਿਆਚਾਰਕ ਤੌਰ 'ਤੇ ਵਿਭਿੰਨਤਾ ਵਾਲਾ ਦੇਸ਼ ਹੈ, ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ। ਫਿਲਿਪ ਗ੍ਰੀਨ ਨੇ ਅੱਗੇ ਕਿਹਾ ਕਿ ਸਾਰਜੈਂਟ ਜਗਮੀਤ ਸਿੰਘ ਦੀ ਯਾਤਰਾ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸੱਭਿਆਚਾਰਕਤਾ ਦੀ ਸ਼ਾਨਦਾਰ ਮਿਸਾਲ ਹੈ।ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਕਿਹਾ, "ਆਸਟ੍ਰੇਲੀਆ ਇੱਕ ਆਧੁਨਿਕ ਅਤੇ ਬਹੁ-ਸੱਭਿਆਚਾਰਕ ਦੇਸ਼ ਹੈ, ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ।" ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤੱਕ ਦੀ ਯਾਤਰਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਦਾਇਕ ਹੈ ਅਤੇ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸੱਭਿਆਚਾਰਵਾਦ ਦੀ ਇੱਕ ਸ਼ਾਨਦਾਰ ਉਦਾਹਰਣ ਹੈ।'ਆਸਟ੍ਰੇਲੀਆ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਰਜੈਂਟ ਜਗਮੀਤ ਸਿੰਘ ਦਸੰਬਰ 2006 ਵਿੱਚ ਆਸਟ੍ਰੇਲੀਆ ਆਇਆ ਸੀ ਅਤੇ ਜਨਵਰੀ 2007 ਵਿੱਚ ਰੱਖਿਆ ਫੋਰਸ ਵਿੱਚ ਸ਼ਾਮਲ ਹੋਇਆ ਸੀ। ਸਿੰਘ ਨੇ ਮੰਤਰਾਲੇ ਦੇ ਹਵਾਲੇ ਨਾਲ ਕਿਹਾ,'ਮੈਨੂੰ ਲਗਦਾ ਹੈ ਕਿ ਮੈਂ ਹਵਾਈ ਸੈਨਾ ਵਿਚ ਦਸਤਾਰ ਪਹਿਨਣ ਵਾਲਾ ਪਹਿਲਾ ਵਿਅਕਤੀ ਸੀ। ਉਦੋਂ ਤੋਂ ਮੈਂ ਆਪਣੇ ਸਾਥੀ ਇੰਸਟ੍ਰਕਟਰਾਂ ਨੂੰ ਇਹ ਸਿੱਖਣ ਵਿਚ ਮਦਦ ਕੀਤੀ ਕਿ ਮੈਂ ਦਸਤਾਰ ਕਿਵੇਂ ਬੰਨ੍ਹਦਾ ਹਾਂ ਅਤੇ ਬੈਜ ਕਿਵੇਂ ਲਗਾਉਂਦਾ ਹਾਂ। ਉਸ ਨੇ ਅੱਗੇ ਕਿਹਾ, 'ਮੈਨੂੰ ਉਮੀਦ ਹੈ ਕਿ ਮੇਰੇ ਯਤਨਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਪੱਧਰਾ ਕੀਤਾ ਹੈ।' ਜਗਮੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਵਿਚ ਇੰਡੋ-ਪੈਸੀਫਿਕ ਐਂਡੇਵਰ 23 'ਤੇ ਆਸਟ੍ਰੇਲੀਆਈ ਹਵਾਈ ਸੈਨਾ ਦੀ ਨੁਮਾਇੰਦਗੀ ਕਰਨਾ ਉਸ ਦੇ ਕਰੀਅਰ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਵਿਚੋਂ ਇਕ ਸੀ।ਉਸ ਨੇ ਕਿਹਾ, 'ਮੈਂ ਆਪਣੇ ਜਨਮ ਦੇ ਦੇਸ਼ ਵਾਪਸ ਆ ਕੇ ਅਤੇ ਉਸ ਝੰਡੇ ਨੂੰ ਪਹਿਨ ਕੇ ਬਹੁਤ ਮਾਣ ਮਹਿਸੂਸ ਕੀਤਾ ਜਿਸਦੀ ਮੈਂ ਸੇਵਾ ਕਰਦਾ ਹਾਂ। ਮੈਂ ਸਿਰਫ਼ ਆਪਣਾ ਹਿੱਸਾ ਹੀ ਨਹੀਂ ਨਿਭਾ ਰਿਹਾ ਸੀ, ਮੈਂ ਇੱਕ ਭਾਸ਼ਾ ਵਿਗਿਆਨੀ ਅਤੇ ਸਥਾਨਕ ਗਾਈਡ ਵਜੋਂ ਇੱਕ ਗੈਰ ਰਸਮੀ ਭੂਮਿਕਾ ਨਿਭਾਈ ਸੀ। ਦੋਵਾਂ ਦੇਸ਼ਾਂ ਵਿਚਕਾਰ ਇੱਕ ਕੜੀ ਬਣਨਾ ਬਹੁਤ ਵਧੀਆ ਮਹਿਸੂਸ ਹੁੰਦਾ ਹੈ, ਜੋ ਸੱਭਿਆਚਾਰਕ ਅਤੇ ਭਾਸ਼ਾ ਦੀਆਂ ਰੁਕਾਵਟਾਂ ਨੂੰ ਤੋੜਨ ਵਿੱਚ ਮਦਦ ਕਰਦਾ ਹੈ।'

## ਹਿਜਬੁੱਲਾ ਨੇ ਦਾਗੀਆਂ 30 ਮਿਜ਼ਾਈਲਾਂ



ਲਿਬਨਾਨ ਦੇ ਸੰਗਠਨ ਹਿਜਬੁੱਲਾ ਨੇ ਇਸ ਹਮਲੇਦੀ ਜ਼ਿੰਮੇਵਾਰੀ ਲੈਂਦੇ ਹੋਏ ਕਿ ਉਨ੍ਹਾਂ ਨੇ ਇਜ਼ਰਾਇਲ ਦੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਇਹ ਹਮਲਾ ਕੀਤਾ, ਇਸ ਵਿਚੋਂ ਵਧੇਰੇ ਮਿਜ਼ਾਈਲਾਂ ਖੁੱਲ੍ਹੇ ਮੈਦਾਨਾਂ ਵਿਚ ਜਾ ਕੇ ਡਿੱਗੀਆਂ ਜਿਸ ਨਾਲ ਕਿਸੇ ਤਰ੍ਹਾਂ ਦੇ ਜਾਨ ਤੇ ਮਾਨ ਦਾ ਨੁਕਸਾਨ ਨਹੀਂ ਹੋਇਆ। ਮਿਡਲ ਈਸਟ ਵਿਚ ਲਗਾਤਾਰ ਵਧ ਰਹੇ ਤਣਾਅ ਦੌਰਾਨ ਹਿਜਬੁਲਾ ਨੇ ਇਜ਼ਰਾਈਲ ਉਤੇ ਲਗਭਗ 30 ਪ੍ਰਾਜੈਕਟਾਇਲ ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਇਜ਼ਰਾਈਲ ਦੀ ਫੌਜ ਆਈ.ਡੀ.ਐੱਫ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਲਿਬਾਨਾ ਦੇ ਵਲ੍ਹੋਂ ਬੀਤੀ ਰਾਤ ਕਈ ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਇਸ ਹਮਲੇ ਪਿੱਛੋਂ ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਨੇ ਮੱਧ ਪੂਰਬ ਵਿਚ ਗਾਈਡਡ ਮਿਜ਼ਾਈਲ ਪਣਡੁੱਬੀਆਂ ਦੀ ਤਾਇਨਾਤੀ ਦਾ ਹੁਕਮ ਦਿੱਤਾ ਹੈ। ਉਸ ਨੇ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨਾਲ ਗੱਲ ਕੀਤੀ ਅਤੇ ਉਸ ਨੂੰ ਦੱਸਿਆ ਕਿ ਉਸ ਨੇ ਮਦਦ ਲਈ ਦੋ ਜਹਾਜ਼ ਅਤੇ ਇਕ ਪਣਡੁੱਬੀ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੇ ਇਕ ਬਿਆਨ 'ਚ ਕਿਹਾ ਕਿ ਰੱਖਿਆ ਮੰਤਰੀ ਆਸਟਿਨ ਨੇ ਅਬ੍ਰਾਹਮ ਲਿੰਕਨ ਸਟ੍ਰਾਈਕ ਗਰੁੱਪ ਨੂੰ ਮੱਧ ਪੂਰਬ 'ਚ ਹਥਿਆਰਾਂ ਦੀ ਸਪਲਾਈ ਵਧਾਉਣ ਲਈ ਕਿਹਾ ਹੈ।

# ਮਹਾਰਾਸ਼ਟਰ ਵਿੱਚ ਮਸ਼ਹੂਰ ਸ਼ਿਵ ਮੰਦਰ



ਇਹ ਮੰਦਰ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਇਹ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਭਾਰਤ ਵਿੱਚ ਸਭ ਤੋਂ ਪਵਿੱਤਰ ਸ਼ਿਵ ਮੰਦਰ ਮੰਨਿਆ ਜਾਂਦਾ ਹੈ। ਇਹ ਮੰਦਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਦਰਸਾਉਂਦੇ ਭਗਵਾਨ ਸ਼ਿਵ ਦੇ ਤਿੰਨ ਚਿਹਰੇ ਹੋਣ ਦੀ ਆਪਣੀ ਵਿਲੱਖਣ ਵਿਸ਼ੇਸ਼ਤਾ ਲਈ ਜਾਣਿਆ ਜਾਂਦਾ ਹੈ। ਮੰਦਰ ਵਿੱਚ ਗੋਦਾਵਰੀ ਨਾਮਕ ਇੱਕ ਪਵਿੱਤਰ ਨਦੀ ਵੀ ਹੈ, ਜੋ ਕਿ ਪ੍ਰਾਇਦੀਪ ਭਾਰਤ ਵਿੱਚ ਸਭ ਤੋਂ ਲੰਬੀ ਮੰਨੀ ਜਾਂਦੀ ਹੈ। ਇਹ ਮਹਾਰਾਸ਼ਟਰ ਦੇ ਪ੍ਰਸਿੱਧ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ।



ਇਹ ਮੰਦਰ ਮਹਾਰਾਸ਼ਟਰ ਦੇ ਪ੍ਰਸਿੱਧ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ। ਇਹ ਮਹਾਰਾਸ਼ਟਰ ਦੇ ਠਾਣੇ ਜ਼ਿਲੇ ਵਿੱਚ ਸਥਿਤ ਹੈ ਅਤੇ ਹੇਮਾਡਪੰਤੀ ਆਰਕੀਟੈਕਚਰ ਦਾ ਇੱਕ ਅਦਭੁਤ ਹੈ। ਮੰਨਿਆ ਜਾਂਦਾ ਹੈ ਕਿ ਇਹ 10ਵੀਂ ਅਤੇ 12ਵੀਂ ਸਦੀ ਦੇ ਵਿਚਕਾਰ ਬਣਾਇਆ ਗਿਆ ਸੀ। ਇਹ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ ਅਤੇ ਇਸ ਵਿਚ ਇਕ ਸ਼ਿਵ ਲਿੰਗ ਹੈ, ਜਿਸ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਮੰਦਰ ਹਰਿਆਲੀ ਨਾਲ ਘਿਰਿਆ ਹੋਇਆ ਹੈ ਅਤੇ ਇੱਕ ਪ੍ਰਸਿੱਧ ਸੈਲਾਨੀ ਸਥਾਨ ਹੈ।



ਇਹ ਮੰਦਰ ਪੁਣੇ ਦੇ ਪਾਸ਼ਾਨ ਖੇਤਰ ਵਿੱਚ ਸਥਿਤ ਹੈ ਅਤੇ ਹੇਮਾਡਪੰਤੀ ਸ਼ੈਲੀ ਵਿੱਚ ਬਣਾਇਆ ਗਿਆ ਹੈ। ਇਹ ਕਾਲੇ ਪੱਥਰ ਦਾ ਬਣਿਆ ਹੋਇਆ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਹ 13ਵੀਂ ਸਦੀ ਵਿੱਚ ਯਾਦਵ ਰਾਜਵੰਸ਼ ਦੇ ਦੌਰਾਨ ਬਣਾਇਆ ਗਿਆ ਸੀ। ਇਹ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ ਅਤੇ ਇਸ ਵਿਚ ਇਕ ਸ਼ਿਵ ਲਿੰਗ ਹੈ, ਜਿਸ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਮੰਦਰ ਸੁੰਦਰ ਪਹਾੜੀਆਂ ਨਾਲ ਘਿਰਿਆ ਹੋਇਆ ਹੈ ਅਤੇ ਇੱਕ ਪ੍ਰਸਿੱਧ ਪਿਕਨਿਕ ਸਥਾਨ ਹੈ।




ਕੋਪੇਸ਼ਵਰ ਮੰਦਰ ਮਹਾਰਾਸ਼ਟਰ ਵਿੱਚ ਭਗਵਾਨ ਸ਼ਿਵ ਦਾ ਮੰਦਰ ਹੈ। ਇਹ ਮਹਾਰਾਸ਼ਟਰ ਦੇ ਕੋਲਹਾਪੁਰ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਇਹ ਮੰਦਰ ਆਪਣੇ ਬ੍ਰਹਮ ਸ਼ਿਵ ਲਿੰਗ ਲਈ ਜਾਣਿਆ ਜਾਂਦਾ ਹੈ, ਜਿਸ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਇਹ ਮੰਦਰ ਸੁੰਦਰ ਪਹਾੜੀਆਂ ਨਾਲ ਘਿਰਿਆ ਹੋਇਆ ਹੈ ਅਤੇ ਇੱਕ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ। ਧਾਰਮਿਕ ਮੌਕਿਆਂ ਦੌਰਾਨ, ਮੰਦਰ ਵਿੱਚ ਸ਼ਰਧਾਲੂਆਂ ਦੀ ਭੀੜ ਹੁੰਦੀ ਹੈ ਜੋ ਭਗਵਾਨ ਸ਼ਿਵ ਨੂੰ ਪ੍ਰਾਰਥਨਾ ਕਰਨ ਲਈ ਆਉਂਦੇ ਹਨ।



ਇਹ ਮੰਦਰ ਮਹਾਰਾਸ਼ਟਰ ਦੇ ਔਰੰਗਾਬਾਦ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਮੰਨਿਆ ਜਾਂਦਾ ਹੈ ਕਿ ਇਹ ਮੰਦਰ 8ਵੀਂ ਸਦੀ ਵਿੱਚ ਰਾਸ਼ਟਰਕੁਟ ਰਾਜਵੰਸ਼ ਦੇ ਰਾਜ ਦੌਰਾਨ ਬਣਾਇਆ ਗਿਆ ਸੀ। ਇਹ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ ਅਤੇ ਇੱਕ ਪ੍ਰਸਿੱਧ ਤੀਰਥ ਸਥਾਨ ਹੈ। ਇਹ ਮਹਾਰਾਸ਼ਟਰ ਦੇ ਸਭ ਤੋਂ ਪੁਰਾਣੇ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ। ਇਹ ਮਹਾਂਕਾਵਿ ਰਾਮਾਇਣ ਨਾਲ ਜੁੜਿਆ ਹੋਇਆ ਹੈ ਅਤੇ ਕੁਦਰਤੀ ਸੁੰਦਰਤਾ ਨਾਲ ਘਿਰਿਆ ਹੋਇਆ ਹੈ।



ਮਹਾਬਲੇਸ਼ਵਰ ਸ਼ਿਵ ਮੰਦਰ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਸਹਿਆਦਰੀ ਪਰਬਤ ਲੜੀ ਵਿੱਚ ਸਥਿਤ, ਇਹ ਮੰਦਰ ਚਾਰੇ ਪਾਸੇ ਕੁਦਰਤੀ ਸੁੰਦਰਤਾ ਦਾ ਮਾਣ ਕਰਦਾ ਹੈ। ਦੇਸ਼ ਭਰ ਤੋਂ ਸ਼ਰਧਾਲੂ ਭਗਵਾਨ ਸ਼ਿਵ ਨੂੰ ਸਮਰਪਿਤ ਮਹਾਰਾਸ਼ਟਰ ਦੇ ਇਸ ਪ੍ਰਸਿੱਧ ਸ਼ਿਵ ਮੰਦਰਾਂ ਵਿੱਚੋਂ ਇੱਕ ਵਿੱਚ ਆਉਂਦੇ ਹਨ, ਜਿੱਥੇ ਧਾਰਮਿਕ ਸਮਾਗਮਾਂ ਵਿੱਚ ਅਕਸਰ ਵੱਡੀ ਭੀੜ ਹੁੰਦੀ ਹੈ।



ਇਹ ਮੰਦਰ ਮਹਾਰਾਸ਼ਟਰ ਦੇ ਹਿੰਗੋਲੀ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ 12 ਜਯੋਤਿਰਲਿੰਗਾਂ ਵਿੱਚੋਂ ਸਭ ਤੋਂ ਪੁਰਾਣਾ ਹੈ। ਇਹ ਮੰਦਰ ਆਪਣੀਆਂ ਵਿਲੱਖਣ ਇਮਾਰਤਸਾਜ਼ੀ ਦੀਆਂ ਵਿਸ਼ੇਸ਼ਤਾਵਾਂ ਲਈ ਮਸ਼ਹੂਰ ਹੈ ਅਤੇ ਹੇਮਾਡਪੰਤੀ ਸ਼ੈਲੀ ਵਿੱਚ ਬਣਾਇਆ ਗਿਆ ਹੈ। ਇਹ ਆਪਣੇ ਆਪ ਨੂੰ ਭਗਵਾਨ ਸ਼ਿਵ ਨੂੰ ਸਮਰਪਿਤ ਕਰਦਾ ਹੈ, ਆਪਣੀ ਪ੍ਰਸਿੱਧੀ ਅਤੇ ਇਸਦੇ ਆਲੇ ਦੁਆਲੇ ਦੀ ਕੁਦਰਤੀ ਸੁੰਦਰਤਾ ਦੇ ਕਾਰਨ ਬਹੁਤ ਸਾਰੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ।



ਪਾਰਲੀ ਵੈਜਨਾਥ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਇੱਕ ਪ੍ਰਾਚੀਨ ਅਤੇ ਪਵਿੱਤਰ ਮੰਦਰ ਹੈ। ਮੰਦਰ ਦੀ ਇਤਿਹਾਸਕ ਮਹੱਤਤਾ ਪੁਰਾਣੇ ਜ਼ਮਾਨੇ ਦੀ ਹੈ, ਵੱਖ-ਵੱਖ ਰਾਜਵੰਸ਼ਾਂ ਅਤੇ ਸ਼ਾਸਕਾਂ ਨੇ ਇਸਦੀ ਸੰਭਾਲ ਅਤੇ ਵਿਕਾਸ ਵਿੱਚ ਯੋਗਦਾਨ ਪਾਇਆ। 1700 ਦੇ ਦਹਾਕੇ ਵਿੱਚ ਰਾਣੀ ਅਹਿਲਿਆਬਾਈ ਦੁਆਰਾ ਮੁਰੰਮਤ ਕੀਤਾ ਗਿਆ, ਇਹ ਮੰਦਰ ਹੇਮਾਡਪੰਥੀ ਅਤੇ ਇੰਡੋ-ਆਰੀਅਨ ਸ਼ੈਲੀਆਂ ਨੂੰ ਮਿਲਾਉਂਦੇ ਹੋਏ ਇੱਕ ਸ਼ਾਨਦਾਰ ਭਵਨ ਨਿਰਮਾਣ ਕਲਾ ਦੇ ਰੂਪ ਵਿੱਚ ਖੜ੍ਹਾ ਹੈ। ਅਭਿਸ਼ੇਕਮ ਅਤੇ ਆਰਤੀ ਵਰਗੀਆਂ ਰੋਜ਼ਾਨਾ ਦੀਆਂ ਰਸਮਾਂ ਬਹੁਤ ਸ਼ਰਧਾ ਨਾਲ ਕੀਤੀਆਂ ਜਾਂਦੀਆਂ ਹਨ, ਅਤੇ ਮਹਾਂ ਸ਼ਿਵਰਾਤਰੀ ਵਰਗੇ ਤਿਉਹਾਰ ਉਤਸ਼ਾਹ ਨਾਲ ਮਨਾਏ ਜਾਂਦੇ ਹਨ, ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਖਿੱਚਦੇ ਹਨ।